# STANISLAUS ਕਾਉਂਟੀ ਦਾ ਵੋਟਰ ਰਜਿਸਟਰਾਰ

# ਚੋਣ ਪ੍ਰਬੰਧਨ ਯੋਜਨਾ
## ਜਨਵਰੀ 2022

Donna Linder
Stanislaus ਕਾਉਂਟੀ ਦਾ ਕਲਰਕ– ਰਿਕਾਰਡਰ/ਵੋਟਰ ਰਜਿਸਟਰਾਰ
1021 "I" Street
Modesto, CA 95354
stanvote@stancounty.com
ਟੋਲ-ਫ੍ਰੀ: (833) 772-2260
TTY: (833) 646-2136
www.stanvote.com

ਕਾਰਜਕਾਰੀ ਸਾਰਾਂਸ਼

2016 ਵਿੱਚ California ਨੇ ਸੈਨੇਟ ਬਿਲ 450, ਵੋਟਰ ਚੋਣ ਅਧਿਨਿਯਮ (Voter's Choice Act, VCA) ਨੂੰ ਅਪਨਾਉਣ ਰਾਹੀਂ ਚੋਣ ਕਨੂੰਨ ਵਿੱਚ ਇੱਕ ਇਤਿਹਾਸਿਕ ਤਬਦੀਲੀ ਨੂੰ ਨਿਯਮਬੱਧ ਕੀਤਾ। 2018 ਤੋਂ, VCA ਨੇ 14 ਕਾਉਂਟੀਆਂ ਨੂੰ ਇਸ ਪ੍ਰੋਗਰਾਮ ਲਈ ਅਧਿਕਾਰਤ ਕੀਤਾ ਜਿਸਦਾ ਟੀਚਾ ਮਤਦਾਨ ਨੂੰ ਯੋਗ ਵੋਟਰਾਂ ਲਈ ਵਧੇਰੇ ਪਹੁੰਚਯੋਗ ਅਤੇ ਸੁਵਿਧਾਜਨਕ ਬਣਾਉਣਾ ਸੀ। VCA ਦੇ ਮਾਡਲ ਅਧੀਨ, ਚੋਣ ਅਧਿਕਾਰੀਆਂ ਲਈ ਚੋਣ ਵਾਲੇ ਦਿਨ ਤੋਂ 29 ਦਿਨ ਪਹਿਲਾਂ ਸਾਰੇ ਕਿਰਿਆਸ਼ੀਲ ਰਜਿਸਟਰਡ ਵੋਟਰਾਂ ਨੂੰ ਡਾਕ ਰਾਹੀਂ ਇੱਕ ਬੈਲਟ ਭੇਜਣਾ ਲੋੜੀਂਦਾ ਹੁੰਦਾ ਹੈ। ਇਸ ਤਰ੍ਹਾਂ ਵੋਟਰਾਂ ਕੋਲ ਬੈਲਟ ਨੂੰ ਡਾਕ ਰਾਹੀਂ, ਕਿਸੇ ਅਧਿਕਾਰਤ ਬੈਲਟ ਡ੍ਰੌਪ-ਔਫ਼ ਬੌਕਸ 'ਤੇ ਜਾਂ ਮੁੱਖ ਦਫ਼ਤਰ ਜਾਂ ਵੋਟ ਕੇਂਦਰ ਵਿਖੇ ਵਿਅਕਤੀਗਤ ਤੌਰ 'ਤੇ ਜਾ ਕੇ ਵਾਪਸ ਕਰਨ ਦਾ ਵਿਕਲਪ ਹੁੰਦਾ ਹੈ। ਵੋਟ ਕੇਂਦਰ ਮਤਦਾਨ ਵਾਲੀਆਂ ਥਾਵਾਂ ਵਾਂਗ ਹੀ ਨਿੱਜੀ ਤੌਰ 'ਤੇ ਮਤਦਾਨ ਕਰਨ ਦੇ ਵਿਕਲਪ ਦੀ ਪੇਸ਼ਕਸ਼ ਕਰਦੇ ਹਨ ਪਰ ਇਹ ਵੋਟਰਾਂ ਨੂੰ ਵਧੇਰੇ ਸਹਾਇਤਾ ਮੁਹੱਈਆ ਕਰਵਾਉਣ ਦੀ ਸਮਰੱਥਾ ਨਾਲ ਚੋਣ ਵਾਲੇ ਦਿਨ ਤੋਂ ਚਾਰ ਤੋਂ ਦਸ ਦਿਨ ਪਹਿਲਾਂ ਅਤੇ ਚੋਣ ਵਾਲੇ ਦਿਨ ਖੋਲ੍ਹੇ ਜਾਂਦੇ ਹਨ। ਵੋਟਰ ਚੋਣ ਅਧਿਨਿਯਮ ਵੋਟਰਾਂ ਦੇ ਵਿਕਲਪਾਂ ਦਾ ਵਿਸਥਾਰ ਕਰਦਾ ਹੈ ਕਿ ਕਿੱਥੇ ਅਤੇ ਕਦੋਂ ਵੋਟ ਪਾਉਣੀ ਹੈ, ਜੋ ਕਿ ਅੱਜ ਦੇ ਰੁਝੇਵੇਂ ਵਾਲੀ ਜੀਵਨ ਸ਼ੈਲੀ ਲਈ ਜ਼ਰੂਰੀ ਹੈ। Stanislaus ਕਾਉਂਟੀ ਦੇ ਵੋਟਰ ਵਿਵਹਾਰ ਵਿੱਚ ਹਾਲ ਹੀ ਦੇ ਵਿਧਾਨਿਕ ਪਰਿਵਰਤਨਾਂ ਅਤੇ ਰੁਝਾਨਾਂ ਨੇ VCA ਮਾਡਲ ਵਿੱਚ ਰਸਮੀ ਤਬਦੀਲੀ ਨੂੰ ਜ਼ਰੂਰੀ ਬਣਾ ਦਿੱਤਾ ਹੈ।

2020 ਵਿੱਚ ਕੋਰੋਨਾਵਾਇਰਸ ਮਹਾਂਮਾਰੀ ਦੇ ਕਾਰਨ ਵਿਧਾਨ ਸਭਾ ਬਿਲ 860 (Assembly Bill 860, AB 860) ਅਤੇ ਸੈਨੇਟ ਬਿਲ (Senate Bill 423, SB 423) ਸਮੇਤ ਸੰਕਟਕਾਲੀਨ ਕਨੂੰਨ ਨੂੰ ਲਾਗੂ ਕੀਤਾ ਗਿਆ ਸੀ ਤਾਂ ਕਿ ਡਾਕ ਰਾਹੀਂ ਵੋਟ ਪਾਉਣ ਨੂੰ ਉਤਸ਼ਾਹਿਤ ਕਰਕੇ ਵਾਇਰਸ ਦੇ ਪ੍ਰਸਾਰ ਨੂੰ ਘੱਟ ਕਰਨ ਵਿੱਚ ਮਦਦ ਕੀਤੀ ਜਾ ਸਕੇ ਅਤੇ ਉਹਨਾਂ ਚੋਣ ਅਧਿਕਾਰੀਆਂ ਦੀ ਸਹਾਇਤਾ ਕੀਤੀ ਜਾ ਸਕੇ ਜਿਨ੍ਹਾਂ ਨੂੰ 2020 ਦੀਆਂ ਆਮ ਚੋਣਾਂ ਲਈ ਲੋੜੀਂਦੀ ਗਿਣਤੀ ਵਿੱਚ ਚੋਣ ਟਿਕਾਣੇ ਅਤੇ ਚੋਣ ਕਰਮਚਾਰੀ ਲੱਭਣ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। AB 860 ਅਤੇ SB 423 ਦੇ ਸੁਮੇਲ ਨੇ ਗੈਰ–VCA ਕਾਉਂਟੀਆਂ ਨੂੰ ਆਪਣੀਆਂ ਚੋਣਾਂ ਦਾ ਉਸੇ ਤਰੀਕੇ ਨਾਲ ਸੰਚਾਲਨ ਕਰਨ ਦੀ ਇਜਾਜ਼ਤ ਦਿੱਤੀ। AB 860 ਅਧੀਨ ਚੋਣ ਅਧਿਕਾਰੀਆਂ ਲਈ ਸਾਰੇ ਕਿਰਿਆਸ਼ੀਲ ਰਜਿਸਟਰਡ ਵੋਟਰਾਂ ਨੂੰ ਡਾਕ ਰਾਹੀਂ ਇੱਕ ਬੈਲਟ ਭੇਜਣਾ ਲੋੜੀਂਦਾ ਹੁੰਦਾ ਹੈ, ਜਦ ਕਿ SB 423 ਕਾਉਂਟੀਆਂ ਨੂੰ ਮਤਦਾਨ ਵਾਲੀਆਂ ਥਾਵਾਂ ਨੂੰ ਇਕਜੁਟ ਹੋਣ ਦੀ ਇਜਾਜ਼ਤ ਦਿੰਦਾ ਹੈ ਅਤੇ ਇਸ ਅਧੀਨ ਇਹਨਾਂ ਟਿਕਾਣਿਆਂ ਨੂੰ ਚੋਣ ਵਾਲੇ ਦਿਨ ਤੋਂ 3 ਦਿਨ ਪਹਿਲਾਂ ਅਤੇ ਚੋਣ ਵਾਲੇ ਦਿਨ ਤੱਕ ਖੋਲ੍ਹਣਾ ਲੋੜੀਂਦਾ ਹੁੰਦਾ ਹੈ। ਮਤਦਾਨ ਕਰਮਚਾਰੀਆਂ ਅਤੇ ਰਵਾਇਤੀ ਮਤਦਾਨ ਥਾਵਾਂ ਦੇ ਉਪਲਬਧ ਹੋਣ ਦੀ ਸੀਮਤ ਗਿਣਤੀ ਕਾਰਨ, Stanislaus ਕਾਉਂਟੀ ਨੇ 12 ਬੈਲਟ ਡ੍ਰੌਪ-ਔਫ਼ ਬੌਕਸ ਦੇ ਟਿਕਾਣਿਆਂ ਨੂੰ ਸੁਰੱਖਿਅਤ ਕੀਤਾ ਅਤੇ 26 "ਸੈਟੇਲਾਈਟ ਦਫ਼ਤਰ" ਖੋਲ੍ਹੇ, ਜਿਸ ਨਾਲ ਵੋਟਰਾਂ ਨੂੰ 2020 ਦੀਆਂ ਆਮ ਚੋਣਾਂ ਲਈ ਨਿੱਜੀ ਤੌਰ 'ਤੇ ਵੋਟ ਪਾਉਣ ਦਾ ਵਿਕਲਪ ਮਿਲਿਆ। SB 423 ਵਿੱਚ ਬੈਲਟ ਨੂੰ ਨਿਸ਼ਾਨਬੱਧ ਕਰਨ ਵਾਲੇ ਤਿੰਨ ਪਹੁੰਚਯੋਗ ਉਪਕਰਨ ਮੁਹੱਈਆ ਕਰਵਾਉਣ ਦੀ ਲੋੜ ਵੀ ਸ਼ਾਮਲ ਹੈ। ਇਸ ਲੋੜ ਦੀ ਪਾਲਣਾ ਕਰਨ ਲਈ, Stanislaus ਕਾਉਂਟੀ ਨੂੰ ਮੌਜੂਦਾ ਉਪਕਰਨ ਨੂੰ ਪਹੁੰਚਯੋਗ ਬੈਲਟ ਨਿਸ਼ਾਨਬੱਧ ਕਰਨ ਵਾਲੇ ਉਪਕਰਨਾਂ ਨਾਲ ਬਦਲਣ ਦੀ ਜ਼ਰੂਰਤ ਸੀ,ਜਿਸ ਦੇ ਨਤੀਜੇ ਵਜੋਂ ਅਪਾਹਜ ਵੋਟਰਾਂ ਲਈ ਵੋਟਿੰਗ ਨੂੰ ਵਧੇਰੇ ਪਹੁੰਚਯੋਗ ਬਣਾਉਣ ਦੇ ਲਾਭ ਵੀ ਮਿਲੇ।

ਇਸ ਤੋਂ ਇਲਾਵਾ, 14 ਸਤੰਬਰ, 2021 ਨੂੰ ਹੋਈਆਂ California ਗਬਰਨੇਟੋਰੀਅਲ ਰੀਕਾਲ ਚੋਣ ਦੀ ਤਿਆਰੀ ਵਿੱਚ, ਅਸੈਂਬਲੀ ਬਿੱਲ 152 ਲਾਗੂ ਕੀਤਾ ਗਿਆ ਸੀ, ਜਿਸ ਨਾਲ ਕਾਉਂਟੀਆਂ ਨੂੰ VCA ਮਾਡਲ ਵਾਂਗ California ਗਬਰਨੇਟੋਰੀਅਲ ਰੀਕਾਲ ਚੋਣ ਕਰਵਾਉਣ ਦੀ ਇਜਾਜ਼ਤ ਦਿੱਤੀ ਗਈ ਸੀ। ਸਾਰੇ ਸਰਗਰਮ ਰਜਿਸਟਰਡ ਵੋਟਰਾਂ ਨੂੰ ਇੱਕ ਬੈਲਟ ਡਾਕ ਰਾਹੀਂ ਭੇਜਿਆ ਗਿਆ ਸੀ। ਵੋਟਰਾਂ ਨੇ ਫਿਰ ਜਾਂ ਤਾਂ ਡਾਕ ਰਾਹੀਂ, ਡ੍ਰੌਪ ਬਾਕਸ 'ਤੇ ਬੈਲਟ ਵਾਪਸ ਕਰਨ ਦੀ ਚੋਣ ਕੀਤੀ, ਜਾਂ ਵਿਅਕਤੀਗਤ ਤੌਰ 'ਤੇ ਵੋਟ ਕੇਂਦਰ 'ਤੇ ਜਾ ਕੇ ਵੋਟ ਪਾਈ। ਇਸ ਤੋਂ ਬਾਅਦ, 27 ਸਤੰਬਰ, 2021 ਨੂੰ, ਅਸੈਂਬਲੀ ਬਿੱਲ 37, ਨੇ ਚੋਣ ਸੰਹਿਤਾ 3000.5 ਵਿੱਚ ਸੋਧ ਕੀਤੀ, ਜਿਸ ਨਾਲ ਸਾਰੀਆਂ ਕਾਉਂਟੀਆਂ ਲਈ ਸਾਰੀਆਂ ਭਵਿੱਖੀ ਚੋਣਾਂ ਲਈ ਸਰਗਰਮ ਰਜਿਸਟਰਡ ਵੋਟਰਾਂ ਨੂੰ ਇੱਕ ਬੈਲਟ ਡਾਕ ਰਾਹੀਂ ਭੇਜਣ ਦੀ ਜ਼ਰੂਰਤ ਸਥਾਪਿਤ ਹੋਈ। Stanislaus ਕਾਉਂਟੀ ਵਿੱਚ ਵੋਟਰਾਂ ਲਈ ਆਪਣੇ ਬੈਲਟ ਡਾਕ ਰਾਹੀਂ ਭੇਜਣ ਦੇ ਵਿਕਲਪ ਵਜੋਂ ਵਿਅਕਤੀਗਤ ਤੌਰ 'ਤੇ ਵੋਟ ਪਾਉਣ ਲਈ ਇੱਕ ਵਿਕਲਪ ਵਜੋਂ ਵੋਟ ਕੇਂਦਰ ਬਣੇ ਰਹਿਣਗੇ।

Stanislaus ਕਾਉਂਟੀ ਵਿੱਚ, ਵੋਟਰ ਰਜਿਸਟਰਾਰ ਦਾ ਦਫ਼ਤਰ, ਇਮਾਨਦਾਰੀ, ਪਹੁੰਚਯੋਗਤਾ, ਪਾਰਦਰਸ਼ਿਤਾ ਨਾਲ ਅਤੇ ਕਰਦਾਤਾਵਾਂ ਦੇ ਸੰਸਾਧਨਾਂ ਦੀ ਯੋਗ ਵਰਤੋਂ ਦੇ ਨਾਲ ਚੋਣਾਂ ਕਰਾਉਂਦਾ ਹੈ। ਇਹਨਾਂ ਕਦਰਾਂ ਕੀਮਤਾਂ ਨੂੰ ਧਿਆਨ ਵਿੱਚ ਰੱਖਦਿਆਂ, Stanislaus ਕਾਉਂਟੀ ਵੋਟਰ ਚੋਣ ਅਧਿਨਿਯਮ ਨੂੰ ਅਪਣਾ ਕੇ ਆਪਣੇ ਚੋਣ ਮਾਡਲ ਨੂੰ ਆਧੁਨਿਕ ਬਣਾ ਰਹੀ ਹੈ। ਇਹ ਫ਼ੈਸਲਾ ਲੈਣ ਸਮੇਂ, ਵੋਟਰ ਰਜਿਸਟਰਾਰ ਦੇ ਦਫ਼ਤਰ ਨੇ ਰਜਿਸਟਰਡ ਵੋਟਰਾਂ ਦੀ ਵੱਧ ਰਹੀ ਗਿਣਤੀ ਅਤੇ ਵਿਭਾਗ ਦੇ ਮੌਜੂਦਾ ਸੰਸਾਧਨਾਂ ਦੇ ਰੁਝਾਨਾਂ ਅਤੇ ਮੁਲਾਂਕਣ ਦੇ ਨਾਲ 2020 ਦੀਆਂ ਆਮ ਚੋਣਾਂ ਦੀਆਂ ਸਫਲਤਾਵਾਂ ਦੀ ਸਮੀਖਿਆ ਕੀਤੀ। 2020 ਦੀਆਂ ਆਮ ਚੋਣਾਂ ਵਿੱਚ,

Stanislaus ਕਾਉਂਟੀ ਦੇ 77% ਵੋਟਰ ਪਹਿਲਾਂ ਹੀ ਡਾਕ ਰਾਹੀਂ ਵੋਟ ਪਾਉਣ ਲਈ ਰਜਿਸਟਰ ਹੋ ਗਏ ਸਨ। 2020 ਦੀਆਂ ਆਮ ਚੋਣਾਂ ਵਿੱਚ ਹਿੱਸਾ ਲੈਣ ਵਾਲੇ 77.76% ਵੋਟਰਾਂ ਵਿੱਚੋਂ, ਤਕਰੀਬਨ 37% ਨੇ ਸਟਾਫ਼ ਦੀ ਮੌਜੂਦਗੀ ਜਾਂ ਗੈਰ-ਮੌਜੂਦਗੀ ਵਾਲੇ ਅਧਿਕਾਰਤ ਬੈਲਟ ਡ੍ਰੌਪ-ਔਫ਼ ਬੌਕਸ ਦੇ ਟਿਕਾਣੇ 'ਤੇ ਬੈਲਟ ਪਾਈ ਸੀ। ਮਤਦਾਨ ਸਮੱਗਰੀ ਨੂੰ ਬੈਲਟ ਨੂੰ ਨਿਸ਼ਾਨਬੱਧ ਕਰਨ ਵਾਲੇ ਪਹੁੰਚਯੋਗ ਉਪਕਰਨ ਵਿੱਚ ਬਦਲਣ ਦੇ ਕਾਰਨ, Stanislaus ਕਾਉਂਟੀ ਦੀ ਮੌਜੂਦਾ ਸਮੱਗਰੀ ਦੀ ਵਸਤੂ ਸੂਚੀ ਵੋਟਰ ਚੋਣ ਅਧਿਨਿਯਮ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ।

Stanislaus ਕਾਉਂਟੀ ਵਿੱਚ ਵੋਟਰ ਚੋਣ ਅਧਿਨਿਯਮ ਨੂੰ ਅਪਨਾਉਣ ਨਾਲ ਵੋਟਰਾਂ ਨੂੰ ਇਸ ਬਾਰੇ ਵਧੇਰੇ ਵਿਕਲਪ ਮਿਲਣਗੇ ਕਿ ਉਹ ਕਿਵੇਂ, ਕਦੋਂ ਅਤੇ ਕਿੱਥੇ ਵੋਟ ਪਾਉਣਗੇ। ਵੋਟਰਾਂ ਕੋਲ ਕਾਉਂਟੀ ਦੇ *ਕਿਸੇ ਵੀ* ਵੋਟ ਕੇਂਦਰ ਦੇ ਟਿਕਾਣੇ 'ਤੇ ਜਾਣ ਦਾ ਵਿਕਲਪ ਹੋਵੇਗਾ। 30 ਅਗਸਤ, 2021 ਤੱਕ 282,482 ਰਜਿਸਟਰਡ ਵੋਟਰਾਂ ਦੀ ਮੌਜੂਦਾ ਸੰਖਿਆ ਨੂੰ ਦੇਖਦੇ ਹੋਏ, ਚੋਣਾਂ ਤੋਂ 10 ਦਿਨ ਪਹਿਲਾਂ ਛੇ ਵੋਟ ਕੇਂਦਰ ਖੁੱਲ੍ਹੇ ਰਹਿਣਗੇ ਅਤੇ ਘੱਟੋ-ਘੱਟ 23 ਵਾਧੂ, ਘੱਟੋ-ਘੱਟ 29 ਕੁੱਲ ਵੋਟ ਕੇਂਦਰ ਚੋਣਾਂ ਤੋਂ ਘੱਟੋ-ਘੱਟ 3 ਦਿਨ ਪਹਿਲਾਂ ਚੋਣਾਂ ਵਾਲੇ ਦਿਨ ਤੱਕ ਖੁੱਲ੍ਹੇ ਰਹਿਣਗੇ, ਜਿਸ ਵਿੱਚ ਹਫ਼ਤੇ ਦੇ ਅਖੀਰਲੇ ਦਿਨ ਵੀ ਸ਼ਾਮਲ ਹਨ। ਵੋਟਰ ਹੁਣ ਮਤਦਾਨ ਲਈ ਉਹਨਾਂ ਵਾਸਤੇ ਨਿਰਧਾਰਿਤ ਕੀਤੇ ਗਏ ਪੋਲਿੰਗ ਟਿਕਾਣੇ 'ਤੇ ਇੱਕ ਹੀ ਦਿਨ ਜਾਣ ਲਈ ਪਾਬੰਦ ਨਹੀਂ ਹੋਣਗੇ। ਵੋਟ ਕੇਂਦਰਾਂ ਵਿੱਚ ਸਿੱਖਿਅਤ ਚੋਣ ਕਰਮਚਾਰੀ ਮੌਜੂਦ ਹੋਣਗੇ ਜੋ ਪੋਲਿੰਗ ਵਾਲੀਆਂ ਥਾਵਾਂ ਦੀ ਤੁਲਨਾ ਵਿੱਚ ਵਧੇਰੇ ਸੇਵਾਵਾਂ ਮੁਹੱਈਆ ਕਰ ਸਕਦੇ ਹਨ।

Stanislaus ਕਾਉਂਟੀ ਦੇ ਵੋਟਰਾਂ ਕੋਲ ਵਧੇਰੇ ਵਿਕਲਪ ਹੋਣਗੇ। ਆਪਣੇ ਦਫ਼ਤਰ ਦੇ ਟੀਚਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸਾਨੂੰ ਵਿਸ਼ਵਾਸ ਹੈ ਕਿ ਇਸ ਮਾਡਲ ਨੂੰ ਅਪਨਾਉਣ ਨਾਲ ਚੋਣਾਂ ਦੀ ਅਖੰਡਤਾ, ਪਹੁੰਚਯੋਗਤਾ ਅਤੇ ਵੋਟਰਾਂ ਦੀ ਗਿਣਤੀ ਵਿੱਚ ਵਾਧਾ ਹੋਵੇਗਾ। Stanislaus ਕਾਉਂਟੀ ਨੂੰ VCA ਮਾਡਲ ਵਿੱਚ ਬਦਲਣ ਲਈ, ਇਹ ਚੋਣ ਪ੍ਰਬੰਧਨ ਯੋਜਨਾ (Election Administration Plan, EAP) ਸਾਡੇ ਦਫ਼ਤਰ ਵੱਲੋਂ ਸਾਡੇ ਭਾਈਚਾਰੇ ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਸੀ। ਵੋਟਰ ਦਫ਼ਤਰ ਦੇ ਰਜਿਸਟ੍ਰਾਰ ਨੇ ਭਾਸ਼ਾ ਅਤੇ ਅਪਾਹਜਤਾ ਵਾਲੇ ਸਮੁਦਾਇ ਦੀ ਨੁਮਾਇੰਦਗੀ ਕਰਨ ਵਾਲੇ ਵਿਅਕਤੀਆਂ ਨਾਲ ਕੰਮ ਕੀਤਾ ਅਤੇ ਜਨਤਕ ਫੀਡਬੈਕ ਇਕੱਤਰ ਕਰਨ ਲਈ ਜਨਤਕ ਸਲਾਹ-ਮਸ਼ਵਰੇ ਦੀਆਂ ਮੀਟਿੰਗਾਂ ਦੀ ਇੱਕ ਲੜੀ ਵੀ ਆਯੋਜਿਤ ਕੀਤੀ ਹੈ, ਜਿਨ੍ਹਾਂ ਨੂੰ ਇਸ ਯੋਜਨਾ ਵਿੱਚ ਲਾਗੂ ਕੀਤਾ ਗਿਆ ਸੀ। ਇਸ ਯੋਜਨਾ ਨੂੰ ਮਨਜ਼ੂਰੀ ਲਈ California ਸੈਕ੍ਰੇਟਰੀ ਆਫ਼ ਸਟੇਟ ਦੇ ਦਫ਼ਤਰ ਵਿੱਚ ਭੇਜੇ ਜਾਣ ਤੋਂ ਪਹਿਲਾਂ, ਇਸਨੂੰ ਜਨਤਕ ਸਮੀਖਿਆ ਅਤੇ ਟਿੱਪਣੀ ਲਈ www.stanvote.com 'ਤੇ ਪੋਸਟ ਕੀਤਾ ਗਿਆ ਸੀ। ਇਸ ਯੋਜਨਾ ਅਤੇ ਭਵਿੱਖ ਦੀਆਂ ਕੋਸ਼ਿਸ਼ਾਂ ਲਈ ਫੀਡਬੈਕ ਅਤੇ ਸਿਫ਼ਾਰਸ਼ਾਂ ਨੂੰ ਕਿਸੇ ਵੀ ਸਮੇਂ ਸਵੀਕਾਰ ਕੀਤਾ ਜਾਵੇਗਾ।

ਸਾਡੀ EAP ਇਹ ਵਰਣਨ ਕਰਦੀ ਹੈ ਕਿ ਅਸੀਂ VCA ਮਾਡਲ ਦੇ ਨਾਲ ਆਉਣ ਵਾਲੇ ਵਿਕਲਪਾਂ ਬਾਰੇ ਜਨਤਾ ਨੂੰ ਸਿੱਖਿਅਤ ਕਰਨ ਦੀ ਯੋਜਨਾ ਕਿਵੇਂ ਬਣਾਉਂਦੇ ਹਾਂ। ਇਸ ਵਿੱਚ ਸਾਡੇ ਵੱਲੋਂ ਪ੍ਰਸਤਾਵਿਤ ਵੋਟ ਕੇਂਦਰਾਂ ਅਤੇ ਡ੍ਰੌਪ-ਔਫ਼ ਵਾਲੇ ਟਿਕਾਣਿਆਂ ਅਤੇ ਉਹਨਾਂ ਦੇ ਕੰਮ ਕਰਨ ਦੇ ਤਰੀਕਿਆਂ ਬਾਰੇ ਜਾਣਕਾਰੀ ਸ਼ਾਮਲ ਹੈ। ਇਸ EAP ਦੇ ਨਾਲ ਅਸੀਂ ਇਸ ਗੱਲ ਬਾਰੇ ਇੱਕ ਸਪਸ਼ਟ ਵਿਚਾਰ ਮੁਹੱਈਆ ਕਰਵਾਉਣ ਦੀ ਉਮੀਦ ਕਰਦੇ ਹਾਂ ਕਿ ਸਾਡਾ ਦਫ਼ਤਰ Stanislaus ਕਾਉਂਟੀ ਵਿੱਚ ਭਵਿੱਖੀ ਚੋਣਾਂ ਦੇ ਪ੍ਰਬੰਧਨ ਦੀ ਯੋਜਨਾ ਕਿਵੇਂ ਬਣਾ ਰਿਹਾ ਹੈ।

# ਵਿਸ਼ਾ ਵਸਤੂ


ਸੈਕਸ਼ਨ I - ਵੋਟ ਕੇਂਦਰ ... 1

ਸਥਾਪਤ ਕੀਤੇ ਜਾਣ ਵਾਲੇ ਵੋਟ ਕੇਂਦਰਾਂ ਦੀ ਕੁੱਲ ਗਿਣਤੀ ... 1

ਵੋਟ ਕੇਂਦਰਾਂ ਦੇ ਟਿਕਾਣੇ ... 1

ਵੋਟ ਕੇਂਦਰਾਂ ਲਈ ਸਟਾਫ਼ ਦੀ ਭਰਤੀ ... 2

ਵੋਟ ਕੇਂਦਰਾਂ ਦਾ ਡਿਜ਼ਾਇਨ ਅਤੇ ਖਾਕਾ ... 3

ਸੁਰੱਖਿਆ ਅਤੇ ਸੰਕਟਕਾਲੀਨ ਯੋਜਨਾਵਾਂ ... 3

ਰੋਕਥਾਮ ਦੇ ਉਪਾਅ ਅਤੇ ਸੰਭਾਵੀ ਰੁਕਾਵਟਾਂ ... 4

ਸੈਕਸ਼ਨ II - ਬੈਲਟ ਡ੍ਰੌਪ-ਔਫ਼ ਬੌਕਸ ਦੇ ਟਿਕਾਣੇ ... 5

ਬੈਲਟ ਡ੍ਰੌਪ-ਔਫ਼ ਬੌਕਸ ਦੇ ਟਿਕਾਣਿਆਂ ਦੇ ਕੰਮਕਾਜੀ ਘੰਟੇ ... 5

ਸਥਾਪਤ ਕੀਤੇ ਜਾਣ ਵਾਲੇ ਡ੍ਰੌਪ-ਔਫ਼ ਬੌਕਸਾਂ ਦੀ ਕੁੱਲ ਗਿਣਤੀ ... 5

ਬੈਲਟ ਡ੍ਰੌਪ-ਔਫ਼ ਬੌਕਸ ਦੇ ਟਿਕਾਣੇ ... 5

ਸੈਕਸ਼ਨ III – ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ ਦੇ ਟਿਕਾਣਿਆਂ ਦੀ ਪਛਾਣ ਕਰਨਾ ... 6

ਸੈਕਸ਼ਨ IV - ਅਨੁਮਾਨਿਤ ਘੱਟ-ਮਿਆਦ ਅਤੇ ਵੱਧ-ਮਿਆਦ ਦੀਆਂ ਲਾਗਤਾਂ ਅਤੇ ਬਚਤਾਂ ... 11

ਇਸ ਯੋਜਨਾ ਦੇ ਤਹਿਤ ਅਨੁਮਾਨਿਤ ਲਾਗਤਾਂ ਅਤੇ ਬਚਤਾਂ ... 11

ਸੈਕਸ਼ਨ V – ਵੋਟਰ ਸਿੱਖਿਆ ਅਤੇ ਪਹੁੰਚ – ਆਮ ... 12

ਮੀਡੀਆ ਅਤੇ ਜਨਤਕ ਸੇਵਾ ਐਲਾਨ ... 12

ਭਾਈਚਾਰਕ ਮੌਜੂਦਗੀ ਦਾ ਹੋਣਾ ... 13

ਸਿੱਧੇ ਤੌਰ 'ਤੇ ਵੋਟਰਾਂ ਨਾਲ ਸੰਪਰਕ ਕਰਨਾ ... 14

Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੀ ਵੈੱਬਸਾਈਟ ... 14

ਵੋਟਰਾਂ ਨੂੰ ਸੂਚਨਾ ਦੇਣਾ ਪੱਕਾ ਕਰਨ ਲਈ ਸਾਧਨਾਂ ਦੀ ਵਰਤੋਂ ... 14

ਸੈਕਸ਼ਨ VI - STANISLAUS ਕਾਉਂਟੀ ਦਾ ਵੋਟਰ ਰਜਿਸਟਰਾਰ – ਵੋਟਰਾਂ ਦੀ ਸਿੱਖਿਆ ਅਤੇ ਪਹੁੰਚ – ਪਹੁੰਚਯੋਗਤਾ ਦੀ ਲੋੜ ਵਾਲੇ ਵੋਟਰ ... 15

ਅਪਾਹਜ ਭਾਈਚਾਰੇ ਨੂੰ ਸਿਖਲਾਈ ਦੇਣਾ – ਵੋਟਰ ਸਿੱਖਿਆ ਵਰਕਸ਼ਾਪ ... 15

ਪਹੁੰਚਯੋਗ ਵੋਟਿੰਗ ਸਮੱਗਰੀ ਅਤੇ ਬੈਲਟ ਅਤੇ ਪਹੁੰਚਯੋਗ ਵੈੱਬਸਾਈਟ ... 16

ਵੋਟ ਕੇਂਦਰਾਂ ਅਤੇ ਡ੍ਰੌਪ-ਔਫ਼ ਵਾਲੇ ਟਿਕਾਣਿਆਂ 'ਤੇ ਉਪਲਬਧ ਪਹੁੰਚਯੋਗ ਸੇਵਾਵਾਂ ... 16

ਪਹੁੰਚਯੋਗ ਡਾਕ ਰਾਹੀਂ ਵੋਟ ਬੈਲਟ ਲਈ ਬੇਨਤੀ ਕਰਨਾ ..... 17
ਬੈਲਟ ਨੂੰ ਬਦਲਣ ਲਈ ਬੇਨਤੀ ਕਰਨਾ ..... 17
ਬਹਿਰੇ ਅਤੇ ਘੱਟ ਸੁਣਨ ਵਾਲੇ ਵੋਟਰਾਂ ਲਈ ਟੋਲ-ਫ੍ਰੀ ਹੌਟਲਾਈਨ ..... 17
ਵੋਟਰ ਪਹੁੰਚਯੋਗਤਾ ਅਤੇ ਭਾਗੀਦਾਰੀ ਵਿੱਚ ਅਸਮਾਨਤਾਵਾਂ ਨਾਲ ਮੁਖਾਤਿਬ ਹੋਣਾ ..... 18
ਸੈਕਸ਼ਨ VII – ਵੋਟਰ ਸਿੱਖਿਆ ਅਤੇ ਪਹੁੰਚ – ਅਲਪ-ਸੰਖਿਅਕ ਭਾਸ਼ਾ ਭਾਈਚਾਰੇ ..... 19
ਅਲਪ-ਸੰਖਿਅਕ ਭਾਸ਼ਾ ਵਾਲੇ ਭਾਈਚਾਰਿਆਂ ਨੂੰ ਸਿੱਖਿਅਤ ਕਰਨਾ – ਵੋਟਰ ਸਿੱਖਿਆ ਵਰਕਸ਼ਾਪ ..... 19
ਜਨਤਕ ਸਲਾਹ-ਮਸ਼ਵਰੇ ਸੰਬੰਧੀ ਮੀਟਿੰਗਾਂ ..... 20
ਮੀਡੀਆ ਅਤੇ ਜਨਤਕ ਸੇਵਾ ਐਲਾਨ ..... 20
ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ..... 21
ਸਪੈਨਿਸ਼ ਵਿੱਚ ਵਿੱਦਿਅਕ ਸਮੱਗਰੀ ..... 21
ਵੋਟ ਕੇਂਦਰਾਂ 'ਤੇ ਭਾਸ਼ਾ ਸਹਾਇਤਾ ਉਪਲਬਧ ਹੈ ..... 21
ਅਲਪ-ਸੰਖਿਅਕ ਭਾਸ਼ਾ ਵਿੱਚ ਪ੍ਰਤਿਲਿਪੀ ਬੈਲਟ ਲਈ ਬੇਨਤੀ ਕਰਨਾ ..... 21
ਅਲਪ-ਸੰਖਿਅਕ ਭਾਸ਼ਾ ਵਾਲੇ ਵੋਟਰਾਂ ਦੀ ਪਛਾਣ ਕਰਨਾ ..... 22
ਅੰਤਿਕਾਵਾਂ ..... 23
ਅੰਤਕਾ A ..... 24
ਅੰਤਕਾ B ..... 26
ਅੰਤਕਾ C ..... 27
ਅੰਤਕਾ D ..... 28
ਅੰਤਕਾ E ..... 29

# ਸੈਕਸ਼ਨ। - ਵੋਟ ਕੇਂਦਰ

ਵੋਟ ਕੇਂਦਰਾਂ 'ਤੇ, ਵਿਅਕਤੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ:

- ਵਿਅਕਤੀਗਤ ਤੌਰ 'ਤੇ ਵੋਟ ਪਾਓ
- ਪਹਿਲੀ ਵਾਰ ਰਜਿਸਟਰ ਹੋਵੋ ਅਤੇ ਆਰਜ਼ੀ ਤੌਰ 'ਤੇ ਵੋਟ ਪਾਉਣ ਦੀ ਲੋੜ ਤੋਂ ਬਿਨਾਂ ਬੈਲਟ ਪ੍ਰਾਪਤ ਕਰੋ
- ਮੌਜੂਦਾ ਵੋਟਰ ਰਜਿਸਟ੍ਰੇਸ਼ਨ ਨੂੰ ਅੱਪਡੇਟ ਕਰੋ ਅਤੇ ਬੈਲਟ ਪ੍ਰਾਪਤ ਕਰੋ
- ਬੈਲਟ ਨੂੰ ਨਿਸ਼ਾਨਬੱਧ ਕਰਨ ਲਈ ਪਹੁੰਚਯੋਗ ਡਿਵਾਇਸ ਦੀ ਵਰਤੋਂ ਕਰੋ
- ਘਰ ਵਿੱਚ ਰਹਿਣ ਵਾਲੇ ਕਿਸੇ ਸਦੱਸ ਜਾਂ ਪਰਿਵਾਰ ਦੇ ਸਦੱਸ ਲਈ ਬੈਲਟ ਪ੍ਰਾਪਤ ਕਰੋ
- ਅੱਸ਼ੂਰੀਆਂ, ਖਮੇਰ ਅਤੇ ਪੰਜਾਬੀ ਵਿੱਚ ਪ੍ਰਤਿਲਿਪੀ ਬੈਲਟ (ਅਧਿਕਾਰਤ ਬੈਲਟ ਦੀ ਇੱਕ ਅਨੁਵਾਦ ਕੀਤੀ ਗਈ ਕਾਪੀ) ਦੀ ਬੇਨਤੀ ਕਰੋ
- ਆਪਣੇ ਮੁਕੰਮਲ ਡਾਕ ਰਾਹੀਂ ਵੋਟ ਬੈਲਟ ਨੂੰ ਕਿਸੇ ਵੋਟ ਕੇਂਦਰ 'ਤੇ ਪਾਓ

## ਸਥਾਪਤ ਕੀਤੇ ਜਾਣ ਵਾਲੇ ਵੋਟ ਕੇਂਦਰਾਂ ਦੀ ਕੁੱਲ ਗਿਣਤੀ

§4005(a)(10)(I)(vi)(I)

ਰਜਿਸਟਰਡ ਵੋਟਰਾਂ ਦੀ ਗਿਣਤੀ ਦੇ ਅਧਾਰ 'ਤੇ Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਘੱਟੋ-ਘੱਟ 6 ਵੋਟ ਕੇਂਦਰ ਸਥਾਪਤ ਕਰੇਗਾ, ਜੋ ਚੋਣ ਵਾਲੇ ਦਿਨ ਤੋਂ 10 ਦਿਨ ਪਹਿਲਾਂ ਖੁੱਲ੍ਹਣਗੇ ਅਤੇ ਚੋਣ ਵਾਲੇ ਦਿਨ ਤੋਂ 3 ਦਿਨ ਪਹਿਲਾਂ ਅਤੇ ਚੋਣ ਵਾਲੇ ਦਿਨ ਖੁੱਲ੍ਹੇ ਰਹਿਣ ਵਾਲੇ 23 ਵਧੀਕ ਵੋਟ ਕੇਂਦਰ ਸਥਾਪਤ ਕੀਤੇ ਜਾਣਗੇ। ਉਦੇਸ਼ 30 ਤੱਕ ਵੋਟ ਕੇਂਦਰ ਪ੍ਰਦਾਨ ਕਰਨਾ ਹੈ, ਜੋ ਕਿ ਪ੍ਰਤੀ SB 450 ਅਤੇ ਕਾਉਂਟੀ ਦੇ ਮੌਜੂਦਾ ਵੋਟਰ ਰਜਿਸਟ੍ਰੇਸ਼ਨ ਦੀਆਂ ਜ਼ਰੂਰਤਾਂ ਤੋਂ ਵੱਧ ਹਨ।

ਸਾਰੇ ਵੋਟ ਕੇਂਦਰ ਦਿਨ ਵਿੱਚ ਘੱਟੋ-ਘੱਟ 8 ਘੰਟੇ ਖੁੱਲ੍ਹੇ ਰਹਿਣਗੇ। ਚੋਣ ਵਾਲੇ ਦਿਨ ਸਾਰੇ ਵੋਟ ਕੇਂਦਰ ਸਵੇਰੇ 7:00 ਵਜੇ ਤੋਂ ਰਾਤ 8:00 ਵਜੇ ਤੱਕ ਖੁੱਲ੍ਹੇ ਰਹਿਣਗੇ। ਹਰੇਕ ਵੋਟ ਕੇਂਦਰ ਦੇ ਕੰਮਕਾਜ ਦੇ ਸਟੀਕ ਸਮੇਂ ਨੂੰ Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੀ ਵੈਬਸਾਈਟ, www.stanvote.com 'ਤੇ ਪੋਸਟ ਕੀਤਾ ਜਾਵੇਗਾ ਅਤੇ Stanislaus ਕਾਉਂਟੀ ਵੋਟਰ ਜਾਣਕਾਰੀ ਗਾਈਡ ਵਿੱਚ ਸ਼ਾਮਲ ਕੀਤਾ ਜਾਵੇਗਾ।

## ਵੋਟ ਕੇਂਦਰਾਂ ਦੇ ਟਿਕਾਣੇ

§4005(a)(10)(I)(vi)(I)

Stanislaus ਕਾਉਂਟੀ ਦਾ ਵੋਟਰ ਰਜਿਸਟਰਾਰ, ਵੋਟਰਾਂ ਦੇ ਮੌਜੂਦਾ ਰਜਿਸਟ੍ਰੇਸ਼ਨ ਦੀ ਸਭ ਤੋਂ ਤਾਜ਼ਾ ਜਨਗਣਨਾ ਅਤੇ Stanislaus ਕਾਉਂਟੀ ਰਜਿਸਟਰਾਰ ਤੋਂ ਇਕੱਤਰ ਕੀਤੇ ਡੈਟਾ ਦੀ ਵਰਤੋਂ ਕਰਦੇ ਹੋਏ ਵੋਟ ਕੇਂਦਰ ਅਤੇ ਡ੍ਰੌਪ ਬੌਕਸ ਦੇ ਟਿਕਾਣਿਆਂ ਦੀ ਪਛਾਣ ਕਰਨ ਲਈ ਪੂਰੇ ਭਾਈਚਾਰੇ ਨਾਲ ਕੰਮ ਕਰ ਰਿਹਾ ਹੈ ਜੋ ਹੇਠਾਂ ਸੂਚੀਬੱਧ ਮਾਪਦੰਡਾਂ ਨੂੰ ਪੂਰਾ ਕਰਦੇ ਹਨ।
Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਸਭ ਤੋਂ ਤਾਜ਼ਾ ਉਪਲਬਧ ਜਨਗਣਨਾ ਤੋਂ ਇਕੱਤਰ ਕੀਤੇ ਡੈਟਾ ਦੀ ਵਰਤੋਂ ਕਰਦੇ ਹੋਏ ਅਤੇ ਵੋਟਰਾਂ ਦੀ ਮੌਜੂਦਾ ਰਜਿਸਟ੍ਰੇਸ਼ਨ ਦੇ Stanislaus ਕਾਉਂਟੀ ਦਾ ਵੋਟਰ ਰਜਿਸਟਰਾਰ, ਵੋਟ ਕੇਂਦਰਾਂ ਅਤੇ ਡਰਾਪ ਬਾਕਸ ਸਥਾਨ ਦੀ ਪਛਾਣ ਕਰਨ ਲਈ ਕੰਮ ਕਰ ਰਿਹਾ ਹੈ, ਜੋ ਹੇਠਾਂ ਸੂਚੀਬੱਧ ਮਾਪਦੰਡਾਂ ਨੂੰ ਪੂਰਾ ਕਰਦੇ ਹਨ।

- ਜਨਤਕ ਆਵਾਜਾਈ ਦੇ ਨੇੜੇ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣਾ।
- ਡਾਕ ਦੁਆਰਾ ਇਤਿਹਾਸਿਕ ਤੌਰ 'ਤੇ ਘੱਟ ਵੋਟ ਵਾਲੇ ਭਾਈਚਾਰਿਆਂ ਲਈ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਸਥਾਨ ਨੇੜਤਾ।
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣਿਆਂ ਦੀ ਆਬਾਦੀ ਕੇਂਦਰਾਂ ਨਾਲ ਨੇੜਤਾ।
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਦੀ ਭਾਸ਼ਾ ਘੱਟ ਗਿਣਤੀ ਭਾਈਚਾਰਿਆਂ ਨਾਲ ਨੇੜਤਾ।
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਦੀ ਅਪਾਹਜਤਾ ਵਾਲੇ ਵੋਟਰਾਂ ਨਾਲ ਨੇੜਤਾ।
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਦੀ ਘਰੇਲੂ ਵਾਹਨ ਦੀ ਮਾਲਕੀਅਤ ਦੇ ਘੱਟ ਦਰਾਂ ਵਾਲੇ ਭਾਈਚਾਰਿਆਂ ਨਾਲ ਨੇੜਤਾ।
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਦੀ ਘੱਟ-ਆਮਦਨੀ ਵਾਲੇ ਭਾਈਚਾਰਿਆਂ ਨਾਲ ਨੇੜਤਾ।

- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਦੀ ਉਹਨਾਂ ਯੋਗ ਵੋਟਰਾਂ ਦੇ ਭਾਈਚਾਰਿਆਂ ਨਾਲ ਨੇੜਤਾ, ਜੋ ਵੋਟ ਪਾਉਣ ਲਈ ਰਜਿਸਟਰਡ ਨਹੀਂ ਹਨ ਅਤੇ ਉਹਨਾਂ ਨੂੰ ਉਸੇ ਦਿਨ ਵੋਟਰ ਰਜਿਸਟ੍ਰੇਸ਼ਨ ਤੱਕ ਪਹੁੰਚ ਦੀ ਜ਼ਰੂਰਤ ਹੋ ਸਕਦੀ ਹੈ।
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਦੀ ਭੂਗੋਲਿਕ ਤੌਰ 'ਤੇ ਅਲੱਗ-ਥਲੱਗ ਆਬਾਦੀ ਨਾਲ ਨੇੜਤਾ , ਜਿਹਨਾਂ ਵਿੱਚ ਕਿ ਮੂਲ ਅਮਰੀਕੀ ਰਿਜ਼ਰਵੇਸ਼ਨਾਂ ਵੀ ਸ਼ਾਮਲ ਹਨ।
- ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਆਫ਼ 'ਤੇ ਪਹੁੰਚਯੋਗ ਅਤੇ ਮੁਫ਼ਤ ਪਾਰਕਿੰਗ ਤੱਕ ਪਹੁੰਚ।
- ਦੂਰੀ ਅਤੇ ਸਮਾਂ ਇੱਕ ਵੋਟਰ ਨੂੰ ਕਾਰ ਜਾਂ ਜਨਤਕ ਆਵਾਜਾਈ ਦੁਆਰਾ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਆਫ਼ ਟਿਕਾਣੇ ਤੱਕ ਜਾਣਾ ਚਾਹੀਦਾ ਹੈ।
- ਅਪਾਹਜਤਾ ਵਾਲੇ ਵੋਟਰਾਂ ਲਈ ਵਿਕਲਪਿਕ ਤਰੀਕਿਆਂ ਦੀ ਜ਼ਰੂਰਤ ਜਿਨ੍ਹਾਂ ਲਈ ਕਿ ਮੇਲ ਬੈਲਟ ਦੁਆਰਾ ਵੋਟ ਪਾਉਣਾ ਪਹੁੰਚਯੋਗ ਨਹੀਂ ਹੈ।
- ਵੋਟ ਕੇਂਦਰ ਅਤੇ ਬੈਲਟ ਛੱਡਣ ਵਾਲੇ ਟਿਕਾਣਿਆਂ 'ਤੇ ਟ੍ਰੈਫ਼ਿਕ ਪੈਟਰਨ।
- ਇਸ ਧਾਰਾ ਦੇ ਅਨੁਸਾਰ ਸਥਾਪਿਤ ਕੀਤੇ ਗਏ ਵੋਟ ਕੇਂਦਰਾਂ ਦੀ ਗਿਣਤੀ ਤੋਂ ਇਲਾਵਾ ਮੋਬਾਈਲ ਵੋਟ ਕੇਂਦਰਾਂ ਦੀ ਜ਼ਰੂਰਤ।

ਇਸ ਯੋਜਨਾ ਦੇ ਪ੍ਰਕਾਸ਼ਨ ਦੇ ਸਮੇਂ ਤੱਕ ਟਿਕਾਣਿਆਂ ਨੂੰ ਸਥਾਪਿਤ ਕਰਨ ਦੀ ਪ੍ਰਕਿਰਿਆ ਜਾਰੀ ਹੈ। Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦਾ ਉਦੇਸ਼ ਜਾਣੀਆਂ-ਪਛਾਣੀਆਂ, ਪੂਰੀ ਤਰ੍ਹਾਂ ਪਹੁੰਚਯੋਗ ਸਹੂਲਤਾਂ ਵਿੱਚ ਵੋਟ ਕੇਂਦਰਾਂ ਨੂੰ ਸਥਾਪਿਤ ਕਰਨਾ ਹੈ। ਚੋਣ ਵਾਲੇ ਦਿਨ ਸਾਰੇ ਵੋਟ ਕੇਂਦਰ ਪ੍ਰਤੀ ਦਿਨ ਘੱਟੋ-ਘੱਟ 8 ਘੰਟੇ ਅਤੇ ਸਵੇਰੇ 7 ਵਜੇ ਤੋਂ ਸ਼ਾਮ 8 ਵਜੇ ਤੱਕ ਲਗਾਤਾਰ ਖੁੱਲ੍ਹੇ ਰਹਿਣਗੇ। ਇਸ ਸਮੇਂ ਉਪਲਬਧ ਜਾਣਕਾਰੀ ਦੇ ਆਧਾਰ 'ਤੇ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਵੋਟ ਕੇਂਦਰ ਹੇਠ ਦਿੱਤੇ ਖੇਤਰਾਂ ਵਿੱਚ ਮੌਜੂਦ ਹੋਣਗੇ:

ਸਿਟੀ ਔਫ਼ Modesto
ਸਿਟੀ ਔਫ਼ Ceres
ਸਿਟੀ ਔਫ਼ Turlock
ਸਿਟੀ ਔਫ਼ Oakdale
ਸਿਟੀ ਔਫ਼ Newman
ਸਿਟੀ ਔਫ਼ Paterson
ਸਿਟੀ ਔਫ਼ Hughson
ਸਿਟੀ ਔਫ਼ Riverbank
ਸਿਟੀ ਔਫ਼ Waterford
Salida, Denair, Keyes ਅਤੇ Empire ਦੇ ਅਨਿਗਮਿਤ ਭਾਈਚਾਰੇ

ਪਹਿਲਾਂ ਵਰਤੇ ਗਏ ਵੋਟ ਕੇਂਦਰ ਦੇ ਟਿਕਾਣੇ ਅੰਤਿਕਾ B ਵਿੱਚ ਦਿਖਾਏ ਗਏ ਹਨ। ਮੌਜੂਦਾ ਚੋਣ ਲਈ ਖਾਸ ਵੋਟ ਕੇਂਦਰ ਦੇ ਟਿਕਾਣਿਆਂ ਨੂੰ ਦਰਸਾਉਂਦੀ ਇੱਕ ਅੱਪਡੇਟ ਕੀਤੀ ਸੂਚੀ stanvote.com 'ਤੇ ਪੋਸਟ ਕੀਤੀ ਜਾਵੇਗੀ। ਨਾਲ ਹੀ, ਸੂਚੀ ਵੋਟਰਾਂ ਨੂੰ ਦੋ ਵੱਖਰੀਆਂ ਸਿੱਧੀਆਂ ਡਾਕ ਰਾਹੀਂ ਸ਼ਾਮਲ ਕੀਤੀ ਜਾਵੇਗੀ।

## ਵੋਟ ਕੇਂਦਰਾਂ ਲਈ ਸਟਾਫ਼ ਦੀ ਭਰਤੀ

§4005(a)(10)(I)(vi)(IX)

Stanislaus ਕਾਉਂਟੀ ਦੇ ਵੋਟਰ ਦਫ਼ਤਰ ਦੇ ਰਜਿਸਟਰਾਰ ਦਾ ਅੰਦਾਜ਼ਾ ਹੈ ਕਿ ਹਰੇਕ ਵੋਟ ਕੇਂਦਰ ਵਿੱਚ ਅਸਥਾਈ ਤੌਰ 'ਤੇ ਇੱਕ ਵੋਟ ਕੇਂਦਰ ਮੁਖੀ ਸਮੇਤ ਤਿੰਨ ਤੋਂ ਪੰਜ ਚੋਣ ਕਲਰਕ ਹੋਣਗੇ। ਇਸ ਤੋਂ ਇਲਾਵਾ ਵੋਟ ਕੇਂਦਰਾਂ 'ਤੇ ਵਾਧੂ ਵਲੰਟੀਅਰ ਵੀ ਤਾਇਨਾਤ ਕੀਤੇ ਜਾਣਗੇ। ਵੋਟਰ ਦਫ਼ਤਰ ਦਾ ਰਜਿਸਟਰਾਰ ਹਰੇਕ ਵੋਟ ਕੇਂਦਰ 'ਤੇ ਸਟਾਫ਼ ਲਈ ਖਾਸ ਤੌਰ 'ਤੇ ਭਾਸ਼ਾ ਸੰਬੰਧੀ ਭਾਈਚਾਰਿਆਂ ਨਾਲ ਨੇੜਤਾ ਵਿੱਚ ਸਥਾਪਿਤ ਹੋਣ ਵਾਲੇ ਸਟਾਫ਼ ਲਈ ਐਸਰੀਅਨ, ਖਮੇਰ, ਪੰਜਾਬੀ ਜਾਂ ਸਪੈਨਿਸ਼ ਵਿੱਚ ਦੋ-ਭਾਸ਼ੀ ਹੋਣ ਵਾਲੇ ਚੋਣ ਕਲਰਕਾਂ ਅਤੇ ਵਲੰਟੀਅਰਾਂ ਨੂੰ ਭਰਤੀ ਕਰਨ ਲਈ ਨੇਕ ਵਿਸ਼ਵਾਸ ਨਾਲ ਯਤਨ ਕਰੇਗਾ।

ਚੋਣ ਕਲਰਕ ਹਰੇਕ ਚੋਣ ਤੋਂ ਪਹਿਲਾਂ ਸਿਖਲਾਈ ਪ੍ਰਾਪਤ ਕਰਨਗੇ। ਚੋਣ ਕਲਰਕ ਵੋਟ ਕੇਂਦਰਾਂ ਅਤੇ ਵੋਟਿੰਗ ਉਪਕਰਣਾਂ 'ਤੇ ਵਰਤੀ ਜਾਂਦੇ ਵੋਟਰ ਰਜਿਸਟ੍ਰੇਸ਼ਨ ਸਿਸਟਮ ਦੀ ਵਰਤੋਂ ਕਰਦਿਆਂ ਹੱਥੀਂ ਸਿਖਲਾਈ ਪ੍ਰਾਪਤ ਕਰਨਗੇ। ਸਿਖਲਾਈ ਵੱਖ-ਵੱਖ ਸਥਿਤੀਆਂ ਨੂੰ ਕਵਰ ਕਰੇਗੀ, ਤਾਂ ਜੋ ਚੋਣ ਕਲਰਕ ਵੋਟਰ ਨੂੰ ਜਾਰੀ ਕਰਨ ਲਈ ਸਹੀ ਫ਼ਾਰਮ ਅਤੇ/ਜਾਂ ਲਿਫ਼ਾਫ਼ੇ ਬਾਰੇ ਅਤੇ ਸਿਸਟਮ ਦੇ ਅੰਦਰ ਉਨ੍ਹਾਂ ਦੇ ਰਿਕਾਰਡ ਦੀ ਪ੍ਰਕਿਰਿਆ ਕਿਵੇਂ ਕੀਤੀ ਜਾਵੇ, ਇਸ ਬਾਰੇ ਜਾਣੂ ਹੋਣ । ਚੋਣ ਕਲਰਕਾਂ ਨੂੰ ਮੁਢਲੇ ਗਾਹਕ ਸੇਵਾ ਹੁਨਰਾਂ, ਵੋਟ ਕੇਂਦਰ



DRAFT

ਸਥਾਪਿਤ ਕਰਨ ਦੇ ਤਰੀਕੇ ਬਾਰੇ, ਰੋਜ਼ਾਨਾ ਖੋਲ੍ਹਣ ਅਤੇ ਬੰਦ ਕਰਨ ਦੀਆਂ ਪ੍ਰਕਿਰਿਆਵਾਂ, ਅਪਾਹਜ ਵੋਟਰਾਂ ਦੀ ਮਦਦ ਕਰਨ ਦੇ ਤਰੀਕੇ ਬਾਰੇ ਅਤੇ ਭਾਸ਼ਾ ਸਹਾਇਤਾ ਲੋੜਾਂ ਵਾਲੇ ਵੋਟਰਾਂ ਦੀ ਮਦਦ ਕਰਨ ਦੇ ਤਰੀਕੇ ਬਾਰੇ, ਵੀ ਸਿਖਲਾਈ ਦਿੱਤੀ ਜਾਂਦੀ ਹੈ। ਵੋਟ ਕੇਂਦਰ 'ਤੇ ਕੰਮ ਕਰਦੇ ਸਮੇਂ ਹਵਾਲੇ ਦੇ ਰੂਪ ਵਿੱਚ ਵਰਤੋਂ ਕਰਨ ਲਈ ਹਰੇਕ ਚੋਣ ਕਲਰਕ ਨੂੰ ਵਾਧੂ ਹਵਾਲਾ ਗਾਈਡਾਂ ਅਤੇ ਲਿਖਤੀ ਪ੍ਰਕਿਰਿਆਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਵਲੰਟੀਅਰ ਹਰ ਚੋਣ ਤੋਂ ਪਹਿਲਾਂ ਚੋਣ ਕਲਰਕਾਂ ਤੋਂ ਵੱਖਰੀ ਸਿਖਲਾਈ ਪ੍ਰਾਪਤ ਕਰਨਗੇ। ਵਲੰਟੀਅਰਾਂ ਨੂੰ ਮੂਲ ਗਾਹਕ ਸੇਵਾ ਹੁਨਰਾਂ ਵਿੱਚ ਸਿਖਲਾਈ ਦਿੱਤੀ ਜਾਵੇਗੀ, ਕਿਉਂਕਿ ਉਹ ਵੋਟ ਕੇਂਦਰਾਂ 'ਤੇ ਗ੍ਰੀਟਿੰਗ ਅਤੇ ਲਾਈਨ ਪ੍ਰਬੰਧਨ ਦੀ ਨਿਗਰਾਨੀ ਕਰਦੇ ਹਨ। ਇਸਤੋਂ ਇਲਾਵਾ, ਉਹ ਵੋਟਿੰਗ ਉਪਕਰਨ ਨੂੰ ਸਥਾਪਿਤ ਕਰਨ ਅਤੇ ਉਤਾਰਨ ਦੀ ਸਿਖਲਾਈ ਦੇ ਨਾਲ ਰੋਜ਼ਾਨਾ ਖੁੱਲਣ ਅਤੇ ਬੰਦ ਕਰਨ ਦੀਆਂ ਪ੍ਰਕਿਰਿਆਵਾਂ ਬਾਰੇ ਸਿਖਲਾਈ ਪ੍ਰਾਪਤ ਕਰਨਗੇ। ਵਲੰਟੀਅਰਾਂ ਨੂੰ ਸਿਖਲਾਈ ਦਿੱਤੀ ਜਾਵੇਗੀ ਕਿ ਅਪਾਹਜ ਵੋਟਰਾਂ ਦੀ ਮਦਦ ਕਿਵੇਂ ਕਰਨੀ ਹੈ ਅਤੇ Touch Writer, ਇੱਕ ਪਹੁੰਚਯੋਗ ਬੈਲਟ ਮਾਰਕਿੰਗ ਯੰਤਰ ਦੀ ਵਰਤੋਂ ਕਿਵੇਂ ਕਰਨੀ ਹੈ। ਉਹ ਵੋਟਰਾਂ ਦੀ ਸਹਾਇਤਾ ਕਰਨ ਬਾਰੇ ਸਿਖਲਾਈ ਵੀ ਪ੍ਰਾਪਤ ਕਰਨਗੇ ਜਿਨ੍ਹਾਂ ਨੂੰ ਭਾਸ਼ਾ ਸਹਾਇਤਾ ਦੀ ਜ਼ਰੂਰਤ ਹੈ।

## ਵੋਟ ਕੇਂਦਰਾਂ ਦਾ ਡਿਜ਼ਾਇਨ ਅਤੇ ਖਾਕਾ

§4005(a)(10)(I)(vi)(XI)
ਵੋਟ ਕੇਂਦਰਾਂ ਨੂੰ ਅਜਿਹੇ ਢੰਗ ਨਾਲ ਤਿਆਰ ਕੀਤਾ ਜਾਵੇਗਾ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਹਰੇਕ ਵੋਟਰ ਨੂੰ ਨਿੱਜੀ ਅਤੇ ਸੁਤੰਤਰ ਮਤਦਾਨ ਦਾ ਅਧਿਕਾਰ ਮਿਲ ਸਕੇ। ਵੋਟਿੰਗ ਸਮੱਗਰੀ ਅਤੇ ਬੈਲਟ ਡ੍ਰੌਪ-ਔਫ਼ ਬੌਕਸਾਂ ਨੂੰ ਇੱਕ ਰਣਨੀਤਕ ਤਰੀਕੇ ਨਾਲ ਵੋਟ ਕੇਂਦਰ ਵਿੱਚ ਰੱਖਿਆ ਜਾਵੇਗਾ ਤਾਂ ਜੋ ਉਹ ਵੋਟਰਾਂ ਵੱਲੋਂ ਅਸਾਨੀ ਨਾਲ ਪਛਾਣੇ ਜਾ ਸਕਣ ਅਤੇ ਵੋਟ ਕੇਂਦਰ ਦੇ ਸਟਾਫ਼ ਦੁਆਰਾ ਇਸ ਦੀ ਨਿਗਰਾਨੀ ਕੀਤੀ ਜਾ ਸਕੇ। ਨਮੂਨੇ ਦੇ ਡਿਜ਼ਾਇਨ ਅਤੇ ਵੋਟ ਕੇਂਦਰਾਂ ਦੇ ਖਾਕੇ ਲਈ ਅੰਤਕਾ C ਦੇਖੋ।

## ਸੁਰੱਖਿਆ ਅਤੇ ਸੰਕਟਕਾਲੀਨ ਯੋਜਨਾਵਾਂ

§4005(a)(10)(I)(vi)(VIII)
Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਹੇਠ ਲਿਖੀਆਂ ਵਿਧੀਆਂ ਅਤੇ ਮਿਆਰਾਂ ਦੀ ਵਰਤੋਂ ਕਰਦਿਆਂ ਵੋਟ ਕੇਂਦਰਾਂ 'ਤੇ ਚੋਣ ਸੁਰੱਖਿਆ ਨੂੰ ਪੱਕਾ ਕਰੇਗਾ:

- ਵੋਟ ਕੇਂਦਰ ਦਾ ਸਾਰਾ ਸਟਾਫ਼ ਯੋਗ ਵੋਟਰਾਂ ਦੀ ਹਰ ਸੰਭਵ ਸਹਾਇਤਾ ਕਰਨ ਲਈ ਚੰਗੀ ਤਰ੍ਹਾਂ ਸਿੱਖਿਅਤ ਅਤੇ ਤਿਆਰ ਹੋਵੇਗਾ। ਵੋਟ ਕੇਂਦਰ ਦੇ ਸਾਰੇ ਸਟਾਫ਼ ਨੂੰ ਸਪੁਰਦਗੀ ਦੀਆਂ ਸਹੀ ਪ੍ਰਕਿਰਿਆਵਾਂ ਅਤੇ ਵੋਟਿੰਗ ਸਮੱਗਰੀ ਦੇ ਸੰਚਾਲਨ ਵਿੱਚ ਮੁਹਾਰਤ ਪ੍ਰਾਪਤ ਹੋਵੇਗੀ।

- ਵੋਟ ਕੇਂਦਰ ਦੇ ਸਾਰੇ ਸਟਾਫ਼ ਦੀ ਕਾਉਂਟੀ ਦਫ਼ਤਰ ਵਿੱਚ ਵਰਤੀ ਜਾਂਦੀ ਉਸੇ ਚੋਣ ਪ੍ਰਬੰਧਨ ਪ੍ਰਣਾਲੀ (DIMS) ਤੱਕ ਪਹੁੰਚ ਹੋਵੇਗੀ। ਇਹ ਪੱਕਾ ਕਰਨ ਲਈ ਕਿ ਹਰ ਯੋਗ ਵੋਟਰ ਆਪਣਾ ਵੋਟ ਪਾਉਂਦਾ/ਦੀ ਹੈ ਜਾਂ ਉਹ ਹਰ ਚੋਣ ਵਿੱਚ ਵੋਟ ਪਾਉਣ ਦੇ ਯੋਗ ਹੈ, DIMS ਵੋਟ ਕੇਂਦਰ ਦੇ ਸਟਾਫ਼ ਨੂੰ ਇਹ ਨਿਰਧਾਰਿਤ ਕਰਨ ਦੀ ਇਜਾਜ਼ਤ ਦਿੰਦਾ ਹੈ ਕਿ ਕੀ ਵੋਟਰ ਸਹੀ ਤਰ੍ਹਾਂ ਰਜਿਸਟਰਡ ਹੈ, ਕੀ ਵੋਟਰ ਨੇ ਬੈਲਟ ਪ੍ਰਾਪਤ ਕੀਤੀ ਹੈ, ਕੀ ਵੋਟਰ ਨੇ ਬੈਲਟ ਵਾਪਸ ਕੀਤੀ ਹੈ, ਅਤੇ ਵੋਟਰ ਨੂੰ ਕਿਸ ਕਿਸਮ ਦੀ ਬੈਲਟ ਜਾਰੀ ਕੀਤੀ ਗਈ ਹੈ।

- ਚੋਣ ਪ੍ਰਬੰਧਨ ਪ੍ਰਣਾਲੀ ਨਾਲ ਕਨੈਕਟ ਕੀਤੇ ਗਏ ਸਾਰੇ ਲੈਪਟਾਪ ਵੀ VoteCal ਨਾਲ ਕਨੈਕਟ ਹੋਣਗੇ, ਜੋ California ਸਟੇਟ ਦੇ ਸਕੱਤਰ ਵਲੋਂ ਪ੍ਰਬੰਧਿਤ ਅਧਿਕਾਰਤ ਰਾਜ ਵਿਆਪੀ ਵੋਟਰ ਰਜਿਸਟਰਡ ਡੇਟਾਬੇਸ ਹੈ। VoteCal ਰਾਜ ਭਰ ਦੇ ਵੋਟਰਾਂ ਨੂੰ ਟਰੈਕ ਕਰੇਗਾ ਅਤੇ ਜੇ ਕੋਈ ਵੋਟਰ ਕਿਸੇ ਹੋਰ ਕਾਉਂਟੀ ਵਿੱਚ ਸਰਗਰਮੀ ਨਾਲ ਰਜਿਸਟਰਡ ਹੈ ਅਤੇ ਜੇ ਵੋਟਰ ਨੇ ਕਿਸੇ ਹੋਰ ਕਾਉਂਟੀ ਵਿੱਚ ਬੈਲਟ ਨੂੰ ਪ੍ਰਾਪਤ ਕੀਤਾ ਹੈ ਅਤੇ ਜਾਂ ਵਾਪਸ ਕਰ ਦਿੱਤਾ ਹੈ, ਤਾਂ ਇਹ ਵੋਟ ਕੇਂਦਰ ਦੇ ਸਟਾਫ਼ ਨੂੰ ਸੂਚਿਤ ਕਰੇਗਾ।

- ਚੋਣ ਪ੍ਰਬੰਧਨ ਪ੍ਰਣਾਲੀ ਨਾਲ ਕਨੈਕਟ ਕੀਤੇ ਸਾਰੇ ਡਿਵਾਇਸ ਸਾਰੇ ਸੁਰੱਖਿਆ ਪੈਮਾਨਿਆਂ ਅਤੇ ਨਿਯਮਾਂ (§20158) ਦੀ ਪੂਰੀ ਤਰ੍ਹਾਂ ਪਾਲਣਾ ਕਰਨਗੇ ਜੋ Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੀ ਸੂਚਨਾ ਤਕਨੀਕ (Information Technology, IT) ਇਕਾਈ ਦੀ ਵਰਤੋਂ ਕਰਕੇ ਇਹ ਪੱਕਾ ਕਰਦੇ ਹਨ ਕਿ ਸੁਰੱਖਿਆ ਹਮੇਸ਼ਾ ਬਰਕਰਾਰ ਰਹੇ।

DRAFT

- ਹਰੇਕ ਵੋਟ ਕੇਂਦਰ ਵਿੱਚ ਸਮੱਗਰੀ, ਸੰਸਾਧਨ ਅਤੇ ਸਾਈਨੇਜ ਰਣਨੀਤਿਕ ਢੰਗ ਨਾਲ ਲਗਾਏ ਜਾਣਗੇ, ਤਾਂ ਕਿ ਇਹ ਪੱਕਾ ਕੀਤਾ ਜਾ ਸਕੇ ਕਿ ਹਰੇਕ ਵੋਟਰ ਨੂੰ ਨਿੱਜੀ ਅਤੇ ਸੁਤੰਤਰ ਮਤਦਾਨ ਕਰਨ ਦਾ ਮੌਕਾ ਮਿਲੇ।

- HART InterCivic Verity ਵੋਟਿੰਗ ਸਮੱਗਰੀ (Print, Touch Writer and Scan) ਨੂੰ California ਸਟੇਟ ਦੇ ਸਕੱਤਰ ਵੱਲੋਂ ਪ੍ਰਮਾਣਿਤ ਕੀਤਾ ਗਿਆ ਹੈ। ਇਹ ਇੱਕ ਕਾਗਜ਼–ਆਧਾਰਿਤ ਸਿਸਟਮ ਹੈ ਅਤੇ ਕਿਸੇ ਵੀ ਨੈੱਟਵਰਕ ਨਾਲ ਕਨੈਕਟ ਨਹੀਂ ਹੈ। ਸਾਰੀ ਸਮੱਗਰੀ ਨੂੰ ਅਧਿਕਾਰਤ ਚੋਣ ਸੀਲਾਂ ਨਾਲ ਸੀਲ ਕਰ ਦਿੱਤਾ ਜਾਵੇਗਾ ਅਤੇ ਵੋਟ ਕੇਂਦਰਾਂ ਦੇ ਬੰਦ ਹੋਣ 'ਤੇ ਇਹਨਾਂ ਨੂੰ ਬੰਦ ਕਰਕੇ ਤਾਲਾ ਲਗਾ ਦਿੱਤਾ ਜਾਵੇਗਾ।

- ਕੋਈ ਵੀ ਅਤੇ ਸਾਰੀਆਂ ਰਿਕਾਰਡ ਕੀਤੀਆਂ ਵੋਟਾਂ, ਜਿਸ ਵਿੱਚ ਕਾਗਜ਼ੀ ਬੈਲਟ, ਵੋਟਿੰਗ ਸਮੱਗਰੀ ਵਿੱਚ ਸਬਮਿਟ ਕੀਤੇ ਗਏ ਬੈਲਟ, ਸ਼ਰਤ-ਅਧੀਨ ਵੋਟਰ ਰਜਿਸਟ੍ਰੇਸ਼ਨ (Conditional Voter Registration, CVR) ਬੈਲਟ, ਆਰਜ਼ੀ ਬੈਲਟ, ਅਤੇ ਡਾਕ ਰਾਹੀਂ ਵੋਟ ਬੈਲਟ ਸ਼ਾਮਲ ਹਨ, ਵੋਟ ਕੇਂਦਰ ਦੇ ਬੰਦ ਹੋਣ ਤੋਂ ਬਾਅਦ ਇਹ ਰੋਜ਼ਾਨਾ Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਕੋਲ ਸੁਰੱਖਿਅਤ ਢੰਗ ਨਾਲ ਪਹੁੰਚਾ ਦਿੱਤੀਆਂ ਜਾਣਗੀਆਂ।

## ਰੋਕਥਾਮ ਦੇ ਉਪਾਅ ਅਤੇ ਸੰਭਾਵੀ ਰੁਕਾਵਟਾਂ

§4005(a)(10)(I)(vi)(VIII)(ia), §4005(a)(10)(I)(vi)(VIII)(ib)

ਚੋਣਾਂ ਅਤੇ ਵੋਟ ਕੇਂਦਰਾਂ ਦੇ ਸਾਰੇ ਸਟਾਫ਼ ਨੂੰ ਚੰਗੀ ਤਰ੍ਹਾਂ ਸਿਖਲਾਈ ਦਿੱਤੀ ਜਾਵੇਗੀ ਅਤੇ ਵੋਟ ਕੇਂਦਰਾਂ 'ਤੇ ਸੰਭਾਵਿਤ ਰੁਕਾਵਟਾਂ ਦਾ ਮੁਕਾਬਲਾ ਕਰਨ ਲਈ ਤਿਆਰ ਕੀਤਾ ਜਾਵੇਗਾ। Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੇ ਦਫ਼ਤਰ ਕੋਲ ਕੋਈ ਚੀਜ਼ ਬਦਲਣ ਸੰਬੰਧੀ ਜ਼ਰੂਰੀ ਸਮੱਗਰੀ ਅਤੇ ਸਮਾਨ ਵੰਡਣ ਲਈ ਗੁਦਾਮ ਦਾ ਅਨੁਭਵੀ ਸਟਾਫ਼ ਮੌਜੂਦ ਹੋਵੇਗਾ। ਇਸ ਤੋਂ ਇਲਾਵਾ, ਗੁਦਾਮ ਦਾ ਸਟਾਫ਼ ਸਮੱਸਿਆ ਨਾਲ ਨਿਪਟਾਰੇ ਵਾਲੀ ਸਮੱਗਰੀ ਨਾਲ ਸੁਸੱਜਤ ਹੋਵੇਗਾ। ਸਾਰੇ ਵੋਟ ਕੇਂਦਰਾਂ ਵਿੱਚ ਜ਼ਰੂਰੀ ਹੋਣ 'ਤੇ ਮੁੱਖ ਦਫ਼ਤਰ ਨਾਲ ਜਲਦੀ ਕਨੈਕਟ ਕਰਨ ਲਈ ਸੈੱਲ ਫ਼ੋਨ ਹੋਣਗੇ। ਵੋਟ ਕੇਂਦਰ ਦੇ ਸਟਾਫ਼ ਨੂੰ ਬਦਲਵੀਂਆਂ ਪ੍ਰਕਿਰਿਆਵਾਂ ਵਿੱਚ ਸਿਖਲਾਈ ਦਿੱਤੀ ਜਾਵੇਗੀ ਤਾਂ ਜੋ ਸੰਭਾਵਿਤ ਰੁਕਾਵਟਾਂ ਦੇ ਸਮੇਂ ਵੋਟਿੰਗ ਜਾਰੀ ਰਹੇ।

DRAFT

# ਸੈਕਸ਼ਨ II - ਬੈਲਟ ਡ੍ਰੌਪ-ਔਫ਼ ਬੌਕਸ ਦੇ ਟਿਕਾਣੇ

## ਬੈਲਟ ਡ੍ਰੌਪ-ਔਫ਼ ਬੌਕਸ ਦੇ ਟਿਕਾਣਿਆਂ ਦੇ ਕੰਮਕਾਜੀ ਘੰਟੇ

§4005(a)(1)(A)

ਬੈਲਟ ਡ੍ਰੌਪ-ਔਫ਼ ਦੇ ਟਿਕਾਣੇ ਚੋਣਾਂ ਤੋਂ 28 ਦਿਨ ਪਹਿਲਾਂ ਅਤੇ ਚੋਣ ਵਾਲੇ ਦਿਨ ਤੱਕ ਖੁੱਲ੍ਹੇ ਰਹਿਣਗੇ। ਬੈਲਟ ਡ੍ਰੌਪ-ਔਫ਼ ਦੇ ਸਾਰੇ ਟਿਕਾਣੇ, ਉਸ ਬੌਕਸ ਵਾਲੇ ਟਿਕਾਣੇ ਦੇ ਮੁਤਾਬਕ ਆਮ ਕੰਮਕਾਜੀ ਘੰਟਿਆਂ ਵਿੱਚ ਖੁੱਲ੍ਹੇ ਰਹਿਣਗੇ। 24 ਘੰਟੇ ਵਾਲੇ ਬੈਲਟ ਡ੍ਰੌਪ-ਔਫ਼ ਦੇ ਟਿਕਾਣੇ ਚੋਣ ਵਾਲੇ ਦਿਨ ਸ਼ਾਮ 8:00 ਵਜੇ ਬੰਦ ਹੋ ਜਾਣਗੇ। ਬੈਲਟ ਡ੍ਰੌਪ-ਔਫ਼ ਬੌਕਸ ਦੇ ਟਿਕਾਣਿਆਂ ਦੀ ਜਾਣਕਾਰੀ ਅਤੇ ਸਮਾਂ-ਸੂਚੀ ਵਿਭਾਗ ਦੀ ਵੈੱਬਸਾਈਟ www.stanvote.com 'ਤੇ ਇੱਕ ਇੰਟਰਐਕਟਿਵ ਨਕਸ਼ੇ 'ਤੇ ਉਪਲਬਧ ਹੋਣਗੇ ਅਤੇ Stanislaus ਕਾਉਂਟੀ ਦੀ ਵੋਟਰ ਜਾਣਕਾਰੀ ਵਾਲੀ ਗਾਈਡ ਵਿੱਚ ਸ਼ਾਮਲ ਹੋਵੇਗੀ।

## ਸਥਾਪਤ ਕੀਤੇ ਜਾਣ ਵਾਲੇ ਡ੍ਰੌਪ-ਔਫ਼ ਬੌਕਸਾਂ ਦੀ ਕੁੱਲ ਗਿਣਤੀ

§4005(a)(10)(I)(vi)(II)

2021 California ਗਬਰਨੇਟੋਰੀਅਲ ਰੀਕਾਲ ਇਲੈਕਸ਼ਨ ਦੌਰਾਨ, ਕਾਉਂਟੀ ਨੂੰ SB 450 ਅਤੇ ਕਾਉਂਟੀ ਦੀ ਵੋਟਰ ਗਿਣਤੀ ਦੀਆਂ ਜ਼ਰੂਰਤਾਂ ਅਨੁਸਾਰ 18 ਬੈਲਟ ਡ੍ਰੌਪ ਬੌਕਸ ਸਥਾਪਿਤ ਕਰਨ ਦੀ ਜ਼ਰੂਰਤ ਸੀ। ਵੋਟਰ ਦਫ਼ਤਰ ਦੇ ਰਜਿਸਟਰਾਰ ਨੇ 25 ਬੈਲਟ ਡ੍ਰੌਪ ਬਾਕਸ ਸਥਾਪਿਤ ਕਰਕੇ ਇਸ ਜ਼ਰੂਰਤ ਨੂੰ ਪਾਰ ਕੀਤਾ, ਜਿੱਥੇ 31,000 ਤੋਂ ਵੱਧ ਵੋਟਰਾਂ ਨੇ ਇੱਕ ਬੈਲਟ ਵਾਪਸ ਕੀਤਾ। ਰਜਿਸਟਰਡ ਵੋਟਰਾਂ ਦੀ ਮੌਜੂਦਾ ਸੰਖਿਆ ਦੇ ਮੱਦੇਨਜ਼ਰ, 30 ਅਗਸਤ, 2021 ਤੱਕ 282,482, Stanislaus ਕਾਉਂਟੀ ਦੇ ਵੋਟਰ ਦਫ਼ਤਰ ਦੇ ਰਜਿਸਟਰਾਰ ਨੂੰ ਘੱਟੋ-ਘੱਟ 19 ਬੈਲਟ ਡ੍ਰੌਪ ਬਾਕਸ ਪ੍ਰਦਾਨ ਕਰਨ ਦੀ ਜ਼ਰੂਰਤ ਹੈ। ਵੋਟਰ ਦਫ਼ਤਰ ਦਾ ਰਜਿਸਟਰਾਰ ਭਵਿੱਖ ਦੀਆਂ ਚੋਣਾਂ ਲਈ ਜ਼ਰੂਰਤਾਂ ਤੋਂ ਵੱਧਣਾ ਜਾਰੀ ਰੱਖੇਗਾ ਕਿਉਂਕਿ ਇਹ ਵੋਟਰਾਂ ਵਿੱਚ ਬੈਲਟ ਵਾਪਸ ਕਰਨ ਦਾ ਇੱਕ ਪ੍ਰਸਿੱਧ ਤਰੀਕਾ ਬਣ ਗਿਆ ਹੈ। ਇਹ ਟਿਕਾਣੇ ਚੋਣ ਵਾਲੇ ਦਿਨ ਵਾਲੇ ਤੋਂ 28 ਦਿਨ ਪਹਿਲਾਂ ਤੋਂ ਅਤੇ ਚੋਣ ਵਾਲੇ ਦਿਨ ਖੁੱਲ੍ਹੇ ਰਹਿਣਗੇ।

2020 ਦੀਆਂ ਆਮ ਚੋਣਾਂ ਅਤੇ 2021 California ਗਬਰਨੇਟੋਰੀਅਲ ਰੀਕਾਲ ਇਲੈਕਸ਼ਨ ਦੇ ਦੌਰਾਨ, ਕਾਉਂਟੀ ਨੇ ਕੁੱਲ 2 ਬੈਲਟ ਡ੍ਰੌਪ ਬੌਕਸ ਸਥਾਪਿਤ ਕੀਤੇ ਸਨ, ਜੋ 24-ਘੰਟਿਆਂ ਲਈ ਉਪਲਬਧ ਸਨ। Stanislaus ਕਾਉਂਟੀ ਦੇ ਵੋਟਰ ਦਫ਼ਤਰ ਦੇ ਰਜਿਸਟਰਾਰ ਦਾ ਟੀਚਾ 2022 ਰਾਜ ਵਿਆਪੀ ਸਿੱਧੀ ਪ੍ਰਾਇਮਰੀ ਚੋਣ ਤੱਕ ਤਿੰਨ 24 ਘੰਟੇ ਬੈਲਟ ਡ੍ਰੌਪ ਬੌਕਸ ਤੱਕ ਵਧਾਉਣਾ ਹੈ।

## ਬੈਲਟ ਡ੍ਰੌਪ-ਔਫ਼ ਬੌਕਸ ਦੇ ਟਿਕਾਣੇ

§4005(a)(10)(I)(vi)(V)


Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੇ ਦਫ਼ਤਰ ਨੇ ਜਾਣੀਆਂ-ਪਛਾਣੀਆਂ, ਪੂਰੀ ਤਰ੍ਹਾਂ ਪਹੁੰਚਯੋਗ ਸਹੂਲਤਾਂ ਵਿੱਚ ਡ੍ਰੌਪ-ਔਫ਼ ਬੌਕਸਾਂ ਨੂੰ ਸਥਾਪਿਤ ਕਰਨ ਲਈ ਭਾਈਚਾਰੇ ਨਾਲ ਭਾਗੀਦਾਰੀ ਕੀਤੀ ਹੈ। ਡ੍ਰੌਪ-ਔਫ਼ ਬੌਕਸ ਦੇ ਟਿਕਾਣਿਆਂ ਦਾ ਨਕਸ਼ਾ ਅੰਤਕਾ D ਵਿੱਚ ਦਿਖਾਇਆ ਗਿਆ ਹੈ, ਜਿਸ ਨੂੰ ਅੱਪਡੇਟ ਕੀਤਾ ਜਾਵੇਗਾ ਜਦੋਂਕਿ ਹਰੇਕ ਚੋਣ ਲਈ ਟਿਕਾਣਿਆਂ ਦੀ ਤਸਦੀਕ ਹੁੰਦੀ ਹੈ। ਇਹ ਸੂਚੀ ਹਰੇਕ ਰਜਿਸਟਰਡ ਵੋਟਰ ਨੂੰ ਮੁਹੱਈਆ ਕਰਵਾਈ ਗਈ ਚੋਣ ਸਮੱਗਰੀ ਵਿੱਚ ਸ਼ਾਮਲ ਕੀਤੀ ਜਾਵੇਗੀ।


## ਸੈਕਸ਼ਨ III – ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ ਦੇ ਟਿਕਾਣਿਆਂ ਦੀ ਪਛਾਣ ਕਰਨਾ


2020 ਦੀਆਂ ਆਮ ਚੋਣਾਂ ਅਤੇ 2021 ਗਵਰਨੇਟੋਰੀਅਲ ਰੀਕਾਲ ਇਲੈਕਸ਼ਨ ਵਿੱਚ ਪਹਿਲਾਂ ਵਰਤੇ ਗਏ ਬਹੁਤ ਸਾਰੇ ਬੈਲਟ ਡ੍ਰੌਪ ਬੌਕਸ ਅਤੇ ਵੋਟ ਕੇਂਦਰ ਦੇ ਟਿਕਾਣਿਆਂ ਦੀ ਮੁੜ-ਵਰਤੋਂ ਕੀਤੀ ਜਾਵੇਗੀ ਕਿਉਂਕਿ ਉਹ ਕਾਉਂਟੀ ਵਿੱਚ ਆਬਾਦੀ ਕੇਂਦਰਾਂ ਦੇ ਅੰਦਰ ਜਾਣੀਆਂ-ਪਛਾਣੀਆਂ ਅਤੇ ਪਹੁੰਚਯੋਗ ਸਹੂਲਤਾਂ ਹਨ। ਇਸਤੋਂ ਇਲਾਵਾ, ਜਿਵੇਂ ਕਿ Stanislaus ਕਾਉਂਟੀ ਰਜਿਸਟਰਾਰ ਵੋਟਰਾਂ ਦੀ ਸੂਚੀ ਨੂੰ ਅੰਤਿਮ ਰੂਪ ਦਿੰਦਾ ਹੈ, ਵਿਭਾਗ ਹੋਰ ਕਾਰਕਾਂ 'ਤੇ ਵਿਚਾਰ ਕਰੇਗਾ, ਜਿਸ ਵਿੱਚ ਜਨਤਕ ਆਵਾਜਾਈ ਦੀ ਨੇੜਤਾ, ਡਾਕ ਦੀ ਵਰਤੋਂ ਦੁਆਰਾ ਘੱਟ ਵੋਟ ਵਾਲੇ ਖੇਤਰ ਅਤੇ ਭਾਸ਼ਾ ਘੱਟ-ਗਿਣਤੀ ਵਾਲੇ ਭਾਈਚਾਰੇ ਸ਼ਾਮਲ ਹਨ, ਪਰ ਇਸ ਤੱਕ ਸੀਮਤ ਨਹੀਂ ਹੈ।


ਹੇਠਾਂ ਦਿੱਤੇ ਨਕਸ਼ੇ Stanislaus ਕਾਉਂਟੀ ਦੇ ਅੰਦਰ ਵੋਟਰਾਂ ਦੁਆਰਾ ਡਾਕ ਦੀ ਵਰਤੋਂ ਦੁਆਰਾ ਵੋਟ ਦੇ ਮਹੱਤਵਪੂਰਨ ਵਾਧੇ ਨੂੰ ਦਰਸਾਉਂਦੇ ਹਨ। ਅੰਤਿਮ ਨਕਸ਼ਾ (ਪੰਨਾ 19) 2021 California ਗਵਰਨੇਟੋਰੀਅਲ ਇਲੈਕਸ਼ਨ ਵਿੱਚ ਡਾਕ ਰਾਹੀਂ ਵੋਟ ਪਾਉਣ ਦੇ ਸਬੰਧ ਵਿੱਚ ਸਥਾਪਿਤ ਕੀਤੇ ਗਏ ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ ਦੇ ਟਿਕਾਣਿਆਂ ਨੂੰ ਦਰਸਾਉਂਦਾ ਹੈ। ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ ਬਾਕਸਾਂ ਨੂੰ ਆਬਾਦੀ ਕੇਂਦਰਾਂ ਅਤੇ ਖੇਤਰਾਂ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ, ਜਿੱਥੇ ਭਾਸ਼ਾ ਘੱਟ ਗਿਣਤੀ ਵਾਲੇ ਗਰੁੱਪ ਹਨ।

DRAFT


Stanislaus ਕਾਉਂਟੀ
2014 ਆਮ ਚੋਣ- ਡਾਕ ਰਾਹੀਂ ਵੋਟ ਪਾਉਣ ਵਾਲੇ ਰਜਿਸਟਰਡ ਵੋਟਰ
Oakdale
Riverbank
Salida
Modesto
Waterford
Ceres
Hughson
Keyes
Denair
Turlock
Patterson
Newman
ਮੇਲ ਦੁਆਰਾ ਵੋਟ ਪਾਉਣ ਵਾਲੇ
ਰਜਿਸਟਰਡ ਵੋਟਰਾਂ ਦੀ ਪ੍ਰਤੀਸ਼ਤ
0 - 20%
20 - 40%
40 - 60%
60 - 80%
80 - 100%
10 ਤੋਂ ਘੱਟ ਰਜਿਸਟਰਡ ਵੋਟਰ
N
0
5
10
20 Miles


Stanislaus ਕਾਉਂਟੀ
2016 ਆਮ ਚੋਣ- ਡਾਕ ਰਾਹੀਂ ਵੋਟ ਪਾਉਣ ਵਾਲੇ ਰਜਿਸਟਰਡ ਵੋਟਰ
Oakdale
Riverbank
Salida
Modesto
Waterford
Ceres
Hughson
Keyes
Denair
Turlock
Patterson
Newman
ਮੇਲ ਦੁਆਰਾ ਵੋਟ ਪਾਉਣ ਵਾਲੇ ਰਜਿਸਟਰਡ ਵੋਟਰਾਂ ਦੀ ਪ੍ਰਤੀਸ਼ਤ
0 - 20%
20 - 40%
40 - 60%
60 - 80%
80 - 100%
10 ਤੋਂ ਘੱਟ ਰਜਿਸਟਰਡ ਵੋਟਰ
N
0 5 10 20 Miles


Stanislaus ਕਾਉਂਟੀ
2018 ਆਮ ਚੋਣ- ਡਾਕ ਰਾਹੀਂ ਵੋਟ ਪਾਉਣ ਵਾਲੇ ਰਜਿਸਟਰਡ ਵੋਟਰ
Oakdale
Riverbank
Salida
Modesto
Waterford
Ceres
Hughson
Keyes
Denair
Turlock
Patterson
Newman
ਮੇਲ ਦੁਆਰਾ ਵੋਟ ਪਾਉਣ ਵਾਲੇ
ਰਜਿਸਟਰਡ ਵੋਟਰਾਂ ਦੀ ਪ੍ਰਤੀਸ਼ਤ
0 - 20%
20 - 40%
40 - 60%
60 - 80%
80 - 100%
10 ਤੋਂ ਘੱਟ ਰਜਿਸਟਰਡ ਵੋਟਰ
N
0
5
10
20 Miles


Stanislaus ਕਾਉਂਟੀ
2020 ਆਮ ਚੋਣ – ਡਾਕ ਰਾਹੀਂ ਵੋਟ ਪਾਉਣ ਵਾਲੇ ਰਜਿਸਟਰਡ ਵੋਟਰ
Oakdale
Riverbank
Salida
Modesto
Waterford
Ceres
Hughson
Keyes
Denair
Turlock
Patterson
Newman
ਮੇਲ ਦੁਆਰਾ ਵੋਟ ਪਾਉਣ ਵਾਲੇ ਰਜਿਸਟਰਡ ਵੋਟਰਾਂ ਦੀ ਪ੍ਰਤੀਸ਼ਤ
0 - 20%
20 - 40%
40 - 60%
60 - 80%
80 - 100%
10 ਤੋਂ ਘੱਟ ਰਜਿਸਟਰਡ ਵੋਟਰ
ਵੋਟ ਕੇਂਦਰ
ਬੈਲਟ ਡ੍ਰੌਪ ਬਾਕ
N
0 5 10 20 Miles

# ਸੈਕਸ਼ਨ IV - ਅਨੁਮਾਨਿਤ ਘੱਟ-ਮਿਆਦ ਅਤੇ ਵੱਧ-ਮਿਆਦ ਦੀਆਂ ਲਾਗਤਾਂ ਅਤੇ ਬਚਤਾਂ

## ਇਸ ਯੋਜਨਾ ਦੇ ਤਹਿਤ ਅਨੁਮਾਨਿਤ ਲਾਗਤਾਂ ਅਤੇ ਬਚਤਾਂ

§4005(A)(10)(I)(v), §4005(g)(2)

Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੇ ਦਫ਼ਤਰ ਨੇ ਇਹ ਨਿਰਧਾਰਿਤ ਕੀਤਾ ਹੈ ਕਿ VCA ਦੇ ਪਹਿਲੇ ਲਾਗੂਕਰਨ ਨਾਲ ਖਰਚੇ ਬਚਤਾਂ ਤੋਂ ਵੱਧ ਹੋਣਗੇ। ਹਾਲਾਂਕਿ, Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਨੇ ਭਵਿੱਖਬਾਣੀ ਕੀਤੀ ਹੈ ਕਿ ਸਮੇਂ ਦੇ ਨਾਲ-ਨਾਲ VCA ਦੇ ਅਨੁਸਾਰ ਚੋਣਾਂ ਕਰਵਾਉਣ ਨਾਲ Colorado ਤੋਂ ਆਏ ਸਬੂਤਾਂ ਦੇ ਆਧਾਰ 'ਤੇ ਬਚਤਾਂ ਨੂੰ ਉਤਸ਼ਾਹ ਮਿਲੇਗਾ, ਜਿਸ ਨੇ ਇਸੇ ਤਰ੍ਹਾਂ ਦੇ ਚੋਣ ਮਾਡਲ ਨੂੰ ਲਾਗੂ ਕੀਤਾ ਸੀ, ਅਤੇ California ਦੀਆਂ ਹੋਰ ਕਾਉਂਟੀਆਂ ਜੋ ਕਿ ਸਾਲ 2018 ਤੋਂ ਸ਼ੁਰੂ ਹੋਣ ਵਾਲੇ VCA ਮਾਡਲ ਵਿੱਚ ਚਲੀਆਂ ਗਈਆਂ ਹਨ। The PEW Charitable Trusts ਦੁਆਰਾ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਅਨੁਸਾਰ, Colorado ਦੇ ਵੋਟਰ ਪਹੁੰਚ ਅਤੇ ਆਧੁਨਿਕ ਚੋਣ ਅਧਿਨਿਯਮ 2013 ਦੇ ਲਾਗੂ ਹੋਣ ਤੋਂ ਬਾਅਦ ਚੋਣ ਖਰਚੇ ਔਸਤਨ 40% ਘੱਟ ਗਏ ਹਨ। Stanislaus ਕਾਉਂਟੀ ਨੇ ਅੰਦਾਜ਼ਨ ਥੋੜ੍ਹੇ ਸਮੇਂ ਦੇ ਖਰਚਿਆਂ ਵਿੱਚ ਕੁਝ ਵੋਟ ਕੇਂਦਰਾਂ ਲਈ ਮੰਗ ਕੀਤੇ ਜਾਣ 'ਤੇ ਬੈਲਟ ਲਈ ਪ੍ਰਿੰਟਰਾਂ ਨੂੰ ਖਰੀਦਣਾ ਸ਼ਾਮਲ ਕੀਤਾ ਹੈ ਜੋ ਸਟਾਫ਼ ਨੂੰ ਉਸ ਚੋਣ ਲਈ ਕਾਉਂਟੀ ਅੰਦਰ ਹਰ ਕਿਸਮ ਦੇ ਬੈਲਟ ਨੂੰ ਪ੍ਰਿੰਟ ਕਰਨ ਦੇ ਯੋਗ ਬਣਾਏਗਾ। ਇਹ ਲਾਗਤ 2020 ਵਿੱਚ ਖਰਚ ਕੀਤੀ ਗਈ ਸੀ, ਜਿਸ ਨੇ Stanislaus ਕਾਉਂਟੀ ਨੂੰ ਕੋਰੋਨਵਾਇਰਸ ਮਹਾਂਮਾਰੀ ਦੇ ਦੌਰਾਨ ਨਵੰਬਰ 2020 ਦੀਆਂ ਰਾਸ਼ਟਰਪਤੀ ਚੋਣਾਂ ਨੂੰ ਸਫਲਤਾਪੂਰਵਕ ਕਰਵਾਉਣ ਦੇ ਯੋਗ ਬਣਾਇਆ। ਆਗਾਮੀ VCA ਚੋਣਾਂ ਵਿੱਚ Stanislaus ਕਾਉਂਟੀ ਦੀਆਂ ਘੱਟ ਮਿਆਦ ਵਾਲੀਆਂ ਲਾਗਤਾਂ ਸ਼ਾਮਲ ਹੋਣਗੀਆਂ, ਪਰ ਇਹ ਇਹਨਾਂ ਤੱਕ ਹੀ ਸੀਮਤ ਨਹੀਂ ਹਨ, ਇਸ ਵਿੱਚ ਸਟਾਫ਼ ਲਈ ਵਿਆਪਕ ਸਿਖਲਾਈ, ਡ੍ਰੌਪ-ਔਫ਼ ਬੌਕਸਾਂ ਦੀ ਖਰੀਦ, ਸਹੂਲਤ ਦਾ ਕਿਰਾਇਆ, ਅਤੇ ਵਧੀਕ ਪਹੁੰਚ ਅਤੇ ਸਿੱਧੇ ਡਾਕ ਰਾਹੀਂ ਭੇਜਣ ਲਈ ਲੋੜੀਂਦੀਆਂ ਡਾਕ ਲਾਗਤਾਂ ਸ਼ਾਮਲ ਹਨ। ਪੂਰਵ-ਅਨੁਮਾਨਿਤ ਵੱਧ ਮਿਆਦ ਦੀਆਂ ਬਚਤਾਂ ਵਿੱਚ ਸਮੱਗਰੀ ਦੀਆਂ ਘਟੀਆਂ ਹੋਈਆਂ ਲਾਗਤਾਂ ਸ਼ਾਮਲ ਹਨ, ਜਿਸ ਵਿੱਚ ਭਾਈਚਾਰੇ ਅਤੇ ਵੋਟਰ ਰੁਝੇਵੇਂ ਲਈ ਮਹੱਤਵਪੂਰਨ ਵਿਸਤ੍ਰਿਤ ਲੋੜਾਂ ਦੀ ਪਾਲਣਾ ਕਰਨ ਲਈ ਨਵੀਂ ਸਮੱਗਰੀ ਦੀ ਖਰੀਦ ਅਤੇ ਸਮੱਗਰੀ ਦੀ ਸਾਜ-ਸੰਭਾਲ, ਬੈਲਟ ਦੀ ਪ੍ਰਿੰਟਿੰਗ ਅਤੇ ਕਿਰਤ ਸ਼ਾਮਲ ਹੈ। ਵੋਟਰ ਚੋਣ ਅਧਿਨਿਯਮ ਨਾਲ ਸੰਬੰਧਿਤ ਅੰਦਾਜ਼ਨ ਲਾਗਤਾਂ ਅਤੇ ਬਚਤਾਂ ਦੇ ਉਦਾਹਰਨ ਲਈ ਅੰਤਕਾ E ਦੇਖੋ।

DRAFT

# ਸੈਕਸ਼ਨ V – ਵੋਟਰ ਸਿੱਖਿਆ ਅਤੇ ਪਹੁੰਚ – ਆਮ

## ਰੂਪ–ਰੇਖਾ

California ਵੋਟਰ ਚੋਣ ਅਧਿਨਿਯਮ (VCA) ਲਈ ਕਾਉਂਟੀਆਂ ਵਾਸਤੇ ਇੱਕ ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਵਿਕਸਿਤ ਕਰਨੀ ਲੋੜੀਂਦੀ ਹੈ ਜੋ ਵੋਟਰਾਂ ਅਤੇ ਯੋਗ ਨਾਗਰਿਕਾਂ ਨੂੰ VCA ਦੇ ਸਾਰੇ ਪਹਿਲੂਆਂ ਬਾਰੇ ਸੂਚਿਤ ਕਰੇ ਜਿਸ ਵਿੱਚ ਵੋਟ ਕੇਂਦਰ ਅਤੇ ਅਧਿਕਾਰਤ ਬੈਲਟ ਡ੍ਰੌਪ ਬੌਕਸ ਦੇ ਟਿਕਾਣੇ; ਡਾਕ ਵੋਟਿੰਗ ਰਾਹੀਂ ਮਤਦਾਨ; ਅਤੇ ਅਪਾਹਜ ਵੋਟਰਾਂ ਅਤੇ ਗੈਰ–ਅੰਗਰੇਜ਼ੀ ਭਾਸ਼ਾ ਵਾਲੇ ਵੋਟਰਾਂ ਲਈ ਖਾਸ ਜਾਣਕਾਰੀ ਸ਼ਾਮਲ ਹੈ। ਭਾਈਚਾਰਕ ਸੰਗਠਨਾਂ ਅਤੇ ਵਿਅਕਤੀਆਂ ਨਾਲ ਜਨਤਕ ਮੀਟਿੰਗਾਂ ਦਾ ਆਯੋਜਨ ਕੀਤਾ ਜਾਵੇਗਾ ਜੋ ਇਹਨਾਂ ਸਮੂਹਾਂ ਦੀ ਨੁਮਾਇੰਦਗੀ ਕਰਦੇ ਹਨ ਜਾਂ ਸੇਵਾਵਾਂ ਮੁਹੱਈਆ ਕਰਦੇ ਹਨ।

ਉਚਿਤ ਸਮਾਯੋਜਨ: ਅਮਰੀਕੀ ਅਪਾਹਜਤਾ ਅਧਿਨਿਯਮ ਦੀ ਪਾਲਣਾ ਕਰਦਿਆਂ, ਜੇ ਤੁਹਾਨੂੰ ਇਸ ਮੀਟਿੰਗ ਵਿੱਚ ਹਿੱਸਾ ਲੈਣ ਲਈ ਵਿਸ਼ੇਸ਼ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਚੋਣ ਦਫ਼ਤਰ ਨਾਲ ਸੰਪਰਕ ਕਰੋ। ਮੀਟਿੰਗ ਤੋਂ 72 ਘੰਟੇ ਪਹਿਲਾਂ ਦੀ ਸੂਚਨਾ ਕਾਉਂਟੀ ਨੂੰ ਇਹਨਾਂ ਬੈਠਕਾਂ ਦੀ ਪਹੁੰਚਯੋਗਤਾ ਨੂੰ ਪੱਕਾ ਕਰਨ ਲਈ ਉਚਿਤ ਪ੍ਰਬੰਧ ਕਰਨ ਦੇ ਯੋਗ ਬਣਾਵੇਗੀ

ਵੋਟਰ ਰਜਿਸਟਰਾਰ Donna Linder ਅਤੇ Stanislaus ਕਾਉਂਟੀ ਚੋਣ ਵਿਭਾਗ ਵਿਚਲੀ ਲੀਡਰਸ਼ਿਪ ਇੱਕ ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਨੂੰ ਵਿਕਸਿਤ ਕਰਨ ਲਈ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (Voting Accessibility Advisory Committee, VAAC) ਅਤੇ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (Language Accessibility Advisory Committee, LAAC) ਨਾਲ ਕੰਮ ਕਰ ਰਹੀ ਹੈ।

## ਮੀਡੀਆ ਅਤੇ ਜਨਤਕ ਸੇਵਾ ਐਲਾਨ

*§4005(a)(10)(I)(i)(II), §4005(a)(10)(I)(i)(VIII)*

Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਵੱਲੋਂ Stanislaus ਕਾਉਂਟੀ ਵਿੱਚ ਰਹਿਣ ਵਾਲੇ ਲੋਕਾਂ ਨੂੰ ਜਾਗਰੂਕ ਕਰਨ ਲਈ ਪਹੁੰਚਯੋਗ ਫਾਰਮੈਟਾਂ ਅਧੀਨ ਕਈ ਕਿਸਮ ਦੇ ਮੀਡੀਆ ਸਾਧਨਾਂ ਦੀ ਵਰਤੋਂ ਕੀਤੀ ਜਾਵੇਗੀ, ਤਾਂ ਜੋ ਡਾਕ ਰਾਹੀਂ ਵੋਟ ਬੈਲਟ ਦੀ ਉਪਲਬਧਤਾ ਅਤੇ ਪਹੁੰਚਯੋਗਤਾ ਅਤੇ ਇਸ ਲਈ ਬੇਨਤੀ ਕਰਨ ਦੇ ਤਰੀਕੇ ਦਾ ਪ੍ਰਚਾਰ ਕੀਤਾ ਜਾ ਸਕੇ। ਇਸ ਵਿੱਚ ਅੱਗੇ ਦਿੱਤਾ ਮੀਡੀਆ ਸ਼ਾਮਲ ਹੈ, ਪਰ ਇਹ ਇਹਨਾਂ ਤੱਕ ਹੀ ਸੀਮਤ ਨਹੀਂ ਹੈ:

- i) ਅਖਬਾਰ; Modesto Bee, Turlock Journal, Latino Times, Ceres Courier, Oakdale Leader, Patterson Irrigator, Mattos News
- ii) ਰੇਡੀਓ (KBDG-FM 90.9 MHz, Radio Lazer, Punjabi Radio USA)
- iii) ਸੋਸ਼ਲ ਮੀਡੀਆ; ਵਿਭਾਗ ਦੀ ਵੈੱਬਸਾਈਟ, Stanislaus ਕਾਉਂਟੀ Facebook, Turlock City News ਅਤੇ ਹੋਰ ਸਿਟੀ ਕਲਰਕ ਸੋਸ਼ਲ ਮੀਡੀਆ।
- iv) ਭਾਈਚਾਰੇ-ਆਧਾਰਿਤ ਸੰਗਠਨਾਂ, ਅਪਾਹਜਾਂ ਦੀ ਹਿਮਾਇਤ ਕਰਨ ਵਾਲੇ ਸੰਗਠਨਾਂ, ਚੁਣੇ ਹੋਏ ਅਧਿਕਾਰੀਆਂ, ਵਿਸ਼ੇਸ਼ ਜ਼ਿਲਿਆਂ, ਜਨਤਕ ਸੂਚਨਾ ਅਧਿਕਾਰੀਆਂ, ਸ਼ਹਿਰਾਂ ਵਰਗੇ ਸਮੂਹਾਂ ਤੱਕ ਪਹੁੰਚ। ਉਹਨਾਂ ਸਮੂਹਾਂ/ਸੰਗਠਨਾਂ/ਏਜੰਸੀਆਂ ਦੀ ਸੂਚੀ ਜਿਨ੍ਹਾਂ ਨਾਲ ਚੋਣ ਦਫ਼ਤਰ ਸੰਪਰਕ ਕਰਦੇ ਹਨ ਉਹਨਾਂ ਨੂੰ ਜਨਤਕ ਨੋਟਿਸ ਸੈਕਸ਼ਨ ਵਿੱਚ stanvote.com 'ਤੇ ਦੇਖਿਆ ਜਾ ਸਕਦਾ ਹੈ ਅਤੇ ਇਸ ਨੂੰ ਬਕਾਇਦਾ ਅੱਪਡੇਟ ਕੀਤਾ ਜਾਵੇਗਾ।
- v) ਕਾਉਂਟੀ ਵਿਭਾਗ
- vi) ਜਨਤਕ ਸੇਵਾ ਐਲਾਨ

ਉਪਰੋਕਤ ਦੱਸੇ ਗਏ ਮੀਡੀਆ ਦੇ ਜਰੀਏ ਸੰਭਾਵੀ ਵੋਟਰਾਂ ਨੂੰ ਜਾਗਰੂਕ ਕਰਨ ਲਈ ਜ਼ਰੂਰੀ ਯਤਨ ਲਾਗੂ ਕੀਤੇ ਜਾਣਗੇ। Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਰਣਨੀਤਕ ਢੰਗ ਨਾਲ ਲੋਕਾਂ ਤੱਕ ਪਹੁੰਚ ਕਰਨਾ ਜਾਰੀ ਰੱਖੇਗਾ ਅਤੇ ਚੋਣ ਦੀਆਂ ਮੁੱਖ ਤਾਰੀਖ਼ਾਂ ਦੇ ਨੇੜੇ ਇਸ ਸੰਬੰਧੀ ਸੂਚਨਾਵਾਂ ਜਾਰੀ ਕਰੇਗਾ।

## ਭਾਈਚਾਰਕ ਮੌਜੂਦਗੀ ਦਾ ਹੋਣਾ

§4005(a)(10)(I)(i)(III)

ਪ੍ਰਸਤਾਵਿਤ EAP ਨੂੰ ਤਿਆਰ ਕਰਨਾ ਅਤੇ ਅਪਨਾਉਣਾ ਨਵੇਂ ਚੋਣ ਮਾਡਲ ਸੰਬੰਧੀ ਜਾਗਰੂਕਤਾ ਵਧਾਉਣ ਲਈ ਭਾਈਚਾਰਕ ਸੰਗਠਨਾਂ, ਸਹਿ-ਕਰਮੀਆਂ, ਸਕੂਲਾਂ ਅਤੇ ਹੋਰ ਇਕਾਈਆਂ ਨੂੰ ਸ਼ਾਮਲ ਕਰਨ ਦਾ ਪਹਿਲਾ ਪੜਾਅ ਹੈ। ਜਿਵੇਂ-ਜਿਵੇਂ ਅਸੀਂ ਅੱਗੇ ਵਧਾਂਗੇ, ਅਸੀਂ EAP ਦੇ ਭਵਿੱਖੀ ਸੰਸ਼ੋਧਨਾਂ ਲਈ ਜਨਤਾ ਤੋਂ ਜਾਣਕਾਰੀ ਲੈਣਾ ਜਾਰੀ ਰੱਖਾਂਗੇ। ਚੋਣ ਵਿਭਾਗ ਦੀ ਵੈੱਬਸਾਈਟ ਦਾ ਪ੍ਰਚਾਰ ਕਰਨ ਅਤੇ ਵੋਟਰਾਂ ਨੂੰ ਭਾਸ਼ਾ ਅਤੇ/ਜਾਂ ਪਹੁੰਚਯੋਗਤਾ ਸਹਾਇਤਾ ਪ੍ਰਾਪਤ ਕਰਨ ਦੇ ਤਰੀਕੇ ਦੀ ਸਿਖਲਾਈ ਦੇਣ ਲਈ ਟੈਲੀਫ਼ੋਨ ਸਹਾਇਤਾ ਮੁਹੱਈਆ ਕਰਵਾਉਣ ਲਈ ਵਧੇਰੇ ਯਤਨ ਕੀਤੇ ਜਾਣਗੇ।

Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਪਹੁੰਚਯੋਗਤਾ ਜਾਗਰੂਕਤਾ ਵਧਾਉਣ ਅਤੇ ਯੋਗ ਅਪਾਹਜ ਵੋਟਰਾਂ ਦੀ ਭਾਗੀਦਾਰੀ ਵਧਾਉਣ ਲਈ ਵੋਟਰ ਸਿੱਖਿਆ ਵਰਕਸ਼ਾਪਾਂ ਦਾ ਸਮਾਂ ਨਿਰਧਾਰਤ ਕਰੇਗਾ। Stanislaus ਕਾਉਂਟੀ ਦਾ ਵੋਟਰ ਰਜਿਸਟਰਾਰ Stanislaus ਕਾਉਂਟੀ ਅੰਦਰ ਵੱਖ-ਵੱਖ ਕਿਸਮ ਦੇ ਸਮਾਗਮਾਂ ਵਿੱਚ ਵੋਟਰ ਚੋਣ ਅਧਿਨਿਯਮ ਨਾਲ ਸੰਬੰਧਿਤ ਪੇਸ਼ਕਾਰੀਆਂ ਵੀ ਮੁਹੱਈਆ ਕਰਵਾਏਗਾ। ਵੋਟਰ ਰਜਿਸਟਰਾਰ ਦਾ ਟੀਚਾ ਸਾਡੇ ਵਿਭਾਗ, ਸਾਡੇ ਭਾਈਚਾਰੇ ਅਤੇ ਭਾਸ਼ਾ (LAAC) ਅਤੇ ਵੋਟਿੰਗ (VAAC) ਦੇ ਮੈਂਬਰਾਂ ਵਿਚਕਾਰ ਇੱਕ ਮਜ਼ਬੂਤ ਸਹਿਯੋਗ ਵਿਕਸਿਤ ਕਰਨਾ ਹੈ, ਤਾਂ ਜੋ ਵੋਟਰਾਂ ਨੂੰ ਉਹਨਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਬਿਹਤਰ ਢੰਗ ਨਾਲ ਜਾਗਰੂਕ ਕਰਨ ਦੇ ਮੌਕਿਆਂ ਦੀ ਪਛਾਣ ਕੀਤੀ ਜਾ ਸਕੇ, ਵੋਟਿੰਗ ਸਮੱਗਰੀ ਦੇ ਪ੍ਰਦਰਸ਼ਨ ਦੀ ਪੇਸ਼ਕਸ਼ ਕੀਤੀ ਜਾ ਸਕੇ ਅਤੇ ਵੋਟਰ ਚੋਣ ਅਧਿਨਿਯਮ ਅਧੀਨ ਉਹਨਾਂ ਦੀ ਚੋਣਾਂ ਦੀ ਵਿਆਖਿਆ ਕੀਤੀ ਜਾ ਸਕੇ। Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਕਾਉਂਟੀ ਦੇ ਸਾਰੇ ਖੇਤਰਾਂ ਵਿੱਚ ਪਹੁੰਚਣ ਲਈ ਹਰ ਕੋਸ਼ਿਸ਼ ਕਰੇਗਾ। ਵੋਟਰ ਚੋਣ ਅਧਿਨਿਯਮ ਬਾਰੇ ਸਿੱਖਿਆ ਕਈ ਭਾਈਚਾਰਕ ਸਮੂਹਾਂ ਨੂੰ ਮੁਹੱਈਆ ਕਰਵਾਈ ਜਾਵੇਗੀ, ਜਿਸ ਵਿੱਚ ਇਹ ਸ਼ਾਮਲ ਹਨ ਪਰ ਇਹ ਇਹਨਾਂ ਤੱਕ ਹੀ ਸੀਮਤ ਨਹੀਂ:

1) ਵਿਭਾਗ ਦਾ VAAC ਅਤੇ LAAC
    a. ਵੋਟਿੰਗ ਪ੍ਰਣਾਲੀ ਪ੍ਰਦਰਸ਼ਨਾਂ ਅਤੇ ਜਾਣਕਾਰੀ ਸੰਬੰਧੀ ਅੱਪਡੇਟਾਂ ਨੂੰ ਸ਼ਾਮਲ ਕਰਨ ਲਈ ਮੀਟਿੰਗਾਂ
    b. ਆਪਣੇ ਭਾਈਚਾਰਿਆਂ ਨੂੰ ਵੰਡਣ ਲਈ ਵਿੱਦਿਅਕ ਸਮੱਗਰੀ ਤਿਆਰ ਕਰਨੀ

2) ਵੱਖ-ਵੱਖ ਦਰਸ਼ਕਾਂ ਲਈ ਪੇਸ਼ਕਾਰੀਆਂ:
    a. ਕਾਉਂਟੀ ਦਾ ਸੁਪਰਵਾਈਜ਼ਰਾਂ ਦਾ ਬੋਰਡ
    b. ਚੁਣੇ ਗਏ ਅਧਿਕਾਰੀਆਂ ਦੇ ਟਾਊਨ ਹਾਲ
    c. ਕਾਉਂਟੀ ਸੈਂਟਰਲ ਕਮੇਟੀਆਂ ਅਤੇ ਰਾਜਨੀਤਿਕ ਕਮੇਟੀਆਂ
    d. ਸਿਟੀ ਕਲਰਕ
    e. ਸੇਵਾ ਸੰਸਥਾਵਾਂ (ਜਿਵੇਂ ਕਿ Rotary, Kiwanis)

ਪਿਛਲੇ ਸਮਾਗਮਾਂ ਦੀ ਅਜਿਹੀ ਸੂਚੀ ਜਿੱਥੇ ਵੋਟਰ ਚੋਣ ਅਧਿਨਿਯਮ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ, ਅੰਤਕਾ A ਵਿੱਚ ਦੇਖੀ ਜਾ ਸਕਦੀ ਹੈ। ਸਮਾਗਮਾਂ ਦੀ ਪੂਰੀ ਸੂਚੀ ਲਈ, www.stanvote.com 'ਤੇ "ਜਨਤਕ ਨੋਟਿਸ" 'ਤੇ ਜਾਓ।

ਅਸੀਂ EAP ਨੂੰ ਅੱਪਡੇਟ ਕਰਨ ਦੀ ਪ੍ਰਕਿਰਿਆ ਦੇ ਦੌਰਾਨ ਭਾਈਚਾਰਕ ਸਮਾਗਮਾਂ ਅਤੇ ਭਾਈਚਾਰਕ ਭਾਈਵਾਲਾਂ ਦੀ ਸੂਚੀ ਦਾ ਵਿਸਥਾਰ ਕਰਨ ਦੀ ਯੋਜਨਾ ਬਣਾਈ ਹੈ। Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਡਾਕ ਰਾਹੀਂ ਵੋਟ ਬੈਲਟ ਦੀ ਉਪਲਬਧਤਾ ਅਤੇ ਪਹੁੰਚਯੋਗਤਾ 'ਤੇ ਜ਼ੋਰ ਦੇਵੇਗਾ। ਦਫ਼ਤਰ ਵਿੱਚ ਆਮ ਜਨਤਾ ਨਾਲ ਮੀਟਿੰਗਾਂ ਹੋਣਗੀਆਂ ਅਤੇ ਭਾਈਚਾਰਕ ਮੈਂਬਰਾਂ ਨਾਲ ਮੀਟਿੰਗਾਂ ਹੋਣੀਆਂ ਜਾਰੀ ਰਹਿਣਗੀਆਂ। ਵਿਭਾਗ ਸਥਾਨਕ ਸਮਾਗਮਾਂ ਲਈ ਜਾਂ ਉਹਨਾਂ ਵਿੱਚ ਸ਼ਾਮਲ ਹੋਣ ਲਈ ਸਮੱਗਰੀ ਵੀ ਮੁਹੱਈਆ ਕਰੇਗਾ ਜੋ ਸਾਡੇ ਸਟਾਫ਼ ਅਤੇ ਭਾਈਚਾਰਕ ਮੈਂਬਰਾਂ ਵੱਲੋਂ ਸਿਫ਼ਾਰਿਸ਼ ਕੀਤੇ ਜਾਂਦੀ ਹੈ।

DRAFT

## ਸਿੱਧੇ ਤੌਰ 'ਤੇ ਵੋਟਰਾਂ ਨਾਲ ਸੰਪਰਕ ਕਰਨਾ

§4005(a)(10)(I)(i)(X)

ਵੋਟਰਾਂ ਨੂੰ ਆਗਾਮੀ ਚੋਣਾਂ ਬਾਰੇ ਸੂਚਿਤ ਕਰਨ ਅਤੇ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਦੇ ਪ੍ਰਚਾਰ ਕਰਨ ਦੇ ਉਦੇਸ਼ ਨਾਲ Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦਾ ਦਫ਼ਤਰ ਡਾਕ ਰਾਹੀਂ ਵੋਟਰਾਂ ਨਾਲ ਦੋ ਵਾਰੀ ਸਿੱਧੇ ਸੰਪਰਕ ਕਰੇਗਾ। ਇਹ ਸਿੱਧੇ ਸੰਪਰਕ ਵੋਟਰਾਂ ਨਾਲ ਹੋਰ ਲੋੜੀਂਦੇ ਸੰਪਰਕਾਂ ਤੋਂ ਇਲਾਵਾ ਹੋਣਗੇ, ਜਿਨ੍ਹਾਂ ਵਿੱਚ ਕਾਉਂਟੀ ਵੋਟਰ ਸੂਚਨਾ ਗਾਈਡ ਅਤੇ ਡਾਕ ਬੈਲਟ ਦੀ ਡਿਲੀਵਰੀ ਸ਼ਾਮਲ ਹੈ, ਪਰ ਇਹ ਇਸ ਤੱਕ ਹੀ ਸੀਮਤ ਨਹੀਂ ਹੈ। Stanislaus ਕਾਉਂਟੀ ਵਿੱਚ ਰਜਿਸਟਰਡ ਵੋਟਰਾਂ ਨੂੰ ਪਹਿਲੀ ਡਾਕ ਨਾਲ ਵੋਟਰਾਂ ਨੂੰ ਸੂਚਿਤ ਕੀਤਾ ਜਾਵੇਗਾ ਕਿ ਡਾਕ ਰਾਹੀਂ ਮਤਦਾਨ ਬੈਲਟ ਸਾਰੇ ਕਿਰਿਆਸ਼ੀਲ ਵੋਟਰਾਂ ਨੂੰ ਭੇਜੀ ਜਾਵੇਗੀ, ਭਾਵੇਂ ਉਹਨਾਂ ਦੀ ਡਾਕ ਰਾਹੀਂ ਮਤਦਾਨ ਦੀ ਤਰਜੀਹ ਕੋਈ ਵੀ ਕਿਉਂ ਨਾ ਹੋਵੇ। ਦੂਜੀ ਡਾਕ ਬੈਲਟ ਦੇ ਡਾਕ ਰਾਹੀਂ ਭੇਜੇ ਜਾਣ ਤੋਂ ਭੇਜੀ ਜਾਏਗੀ ਜਿਸ ਵਿੱਚ ਵੋਟਰਾਂ ਨੂੰ ਵੋਟ ਕੇਂਦਰਾਂ 'ਤੇ ਉਹਨਾਂ ਦੇ ਮਤਦਾਨ ਵਿਕਲਪਾਂ ਬਾਰੇ ਸੂਚਿਤ ਕੀਤਾ ਜਾਵੇਗਾ, ਜੇ ਉਹ ਵਿਅਕਤੀਗਤ ਤੌਰ 'ਤੇ ਵੋਟ ਪਾਉਣਾ ਚਾਹੁੰਦੇ ਹਨ ਅਤੇ ਡਾਕ ਰਾਹੀਂ ਵੋਟ ਬੈਲਟ ਵਾਪਸ ਭੇਜਣ ਦੇ ਵਿਕਲਪਾਂ ਬਾਰੇ ਸੂਚਿਤ ਕੀਤਾ ਜਾਵੇਗਾ।

## Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੀ ਵੈੱਬਸਾਈਟ

§4005(a)(5)(6)(ii)(iii)

Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦਾ ਦਫ਼ਤਰ ਆਪਣੀ ਵੈੱਬਸਾਈਟ 'ਤੇ ਜਾਣਕਾਰੀ ਉਪਲਬਧ ਕਰਵਾਏਗਾ ਤਾਂ ਕਿ ਰਿਮੋਟ ਐਕਸੈਸ ਡਾਕ ਰਾਹੀਂ ਵੋਟ (Remote Accessible Vote By Mail, RAVBM) ਦੇ ਨਾਲ-ਨਾਲ ਭਾਸ਼ਾ ਸਹਾਇਤਾ ਸੰਬੰਧੀ ਸੰਸਾਧਨਾਂ ਦੀ ਵੀ ਜਾਣਕਾਰੀ ਮਿਲ ਸਕੇ। ਚੋਣ ਦੌਰਾਨ, Stanislaus ਕਾਉਂਟੀ ਦੇ ਵੋਟਰ ਰਜਿਸਟਰਾਰ, www.stanvote.com, ਕੋਲ ਇੱਕ ਇੰਟਰਐਕਟਿਵ ਨਕਸ਼ਾ ਅਤੇ ਸੂਚੀ ਹੋਵੇਗੀ ਜਿਸ ਵਿੱਚ ਬੈਲਟ ਡ੍ਰੌਪ-ਔਫ਼ ਅਤੇ ਵੋਟ ਕੇਂਦਰ ਦੇ ਟਿਕਾਣਿਆਂ ਅਤੇ ਕੰਮਕਾਜੀ ਘੰਟਿਆਂ ਬਾਰੇ ਦੱਸਿਆ ਜਾਵੇਗਾ।

## ਵੋਟਰਾਂ ਨੂੰ ਸੂਚਨਾ ਦੇਣਾ ਪੱਕਾ ਕਰਨ ਲਈ ਸਾਧਨਾਂ ਦੀ ਵਰਤੋਂ

§4005(a)(10)(I)(i)(VII)

Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦਾ ਦਫ਼ਤਰ ਇਹ ਪੱਕਾ ਕਰਨ ਲਈ ਵੋਟਰਾਂ ਦੀ ਸਿੱਖਿਆ ਅਤੇ ਪਹੁੰਚ 'ਤੇ ਲੋੜੀਂਦੇ ਸੰਸਾਧਨ ਖਰਚ ਕਰੇਗਾ ਕਿ ਵੋਟਰ ਚੋਣ ਅਧਿਨਿਯਮ ਦੇ ਅਨੁਸਾਰ ਹੋਈਆਂ ਚੋਣਾਂ ਬਾਰੇ ਵੋਟਰਾਂ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇ। ਚੋਣ ਲਾਗਤ ਅਨੁਮਾਨ, ਆਊਟਰੀਚ ਲਾਗਤਾਂ ਸਮੇਤ, ਅੰਤਿਕਾ E ਵਿੱਚ ਵੇਰਵੇ ਸਹਿਤ ਹਨ।



DRAFT

# ਸੈਕਸ਼ਨ VI - STANISLAUS ਕਾਉਂਟੀ ਦਾ ਵੋਟਰ ਰਜਿਸਟਰਾਰ – ਵੋਟਰਾਂ ਦੀ ਸਿੱਖਿਆ ਅਤੇ ਪਹੁੰਚ – ਪਹੁੰਚਯੋਗਤਾ ਦੀ ਲੋੜ ਵਾਲੇ ਵੋਟਰ

Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਨੇ ਇੱਕ ਵੋਟਰ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਦਾ ਗਠਨ ਕੀਤਾ ਅਤੇ 21 ਜੂਨ, 2021 ਨੂੰ ਆਪਣੀ ਪਹਿਲੀ ਕਮੇਟੀ ਦੀ ਮੀਟਿੰਗ ਕੀਤੀ। VAAC ਦਾ ਗਠਨ ਇਹ ਸਥਾਪਿਤ ਕਰਨ ਲਈ ਕੀਤਾ ਗਿਆ ਸੀ ਕਿ VCA ਦੇ ਸੰਬੰਧ ਵਿੱਚ ਸਟੈਨਿਸਲੌਸ ਕਾਉਂਟੀ ਵਿੱਚ ਅਪਾਹਜ ਸਮੁਦਾਇ ਨੂੰ ਸਭ ਤੋਂ ਵਧੀਆ ਸਿੱਖਿਅਤ ਅਤੇ ਕਿਵੇਂ ਪਹੁੰਚਣਾ ਹੈ। ਕਮੇਟੀ ਦੇ ਮੈਂਬਰਾਂ ਦੀ ਚੋਣ ਉਹਨਾਂ ਦੀ ਸ਼ਮੂਲੀਅਤ ਅਤੇ ਪਹੁੰਚ ਯੋਗਤਾਵਾਂ ਵਾਲੇ ਭਾਈਚਾਰਿਆਂ ਨਾਲ ਸ਼ਮੂਲੀਅਤ ਦੇ ਆਧਾਰ ਤੇ ਕੀਤੀ ਜਾ ਰਹੀ ਹੈ।

ਮਤਦਾਨ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਦਾ ਉਦੇਸ਼ Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੇ ਦਫ਼ਤਰ ਨੂੰ ਅਪਾਹਜ ਵੋਟਰਾਂ ਲਈ ਚੋਣ ਪ੍ਰਕਿਰਿਆ ਨੂੰ ਬਿਹਤਰ ਬਣਾਉਣ ਵਾਸਤੇ ਸਲਾਹ ਦੇਣਾ ਅਤੇ ਸਹਾਇਤਾ ਕਰਨਾ ਹੈ।

- VAAC ਮੈਂਬਰ ਕਾਉਂਟੀ ਦੇ ਵੋਟਰਾਂ ਨੂੰ ਸਿੱਖਿਆ ਮੁਹੱਈਆ ਕਰਨ ਅਤੇ ਪਹੁੰਚਯੋਗਤਾ ਦੀਆਂ ਲੋੜਾਂ ਵਾਲੇ ਲੋਕਾਂ ਤੱਕ ਪਹੁੰਚਣ ਲਈ ਵਧੇਰੇ ਪ੍ਰਭਾਵਸ਼ਾਲੀ ਤਰੀਕਿਆਂ ਦੀ ਖੋਜ ਕਰਨ ਵਿੱਚ ਮਦਦ ਕਰਨਗੇ।
- ਵੋਟਿੰਗ ਅਤੇ ਚੋਣ ਸਮੱਗਰੀ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਦੇ ਤਰੀਕਿਆਂ ਬਾਰੇ ਸਿਫ਼ਾਰਸ਼ਾਂ ਕਰਨ ਲਈ ਜਨਤਾ ਨੂੰ ਇੱਕ ਮੰਚ ਮੁਹੱਈਆ ਕਰਵਾਉਣਗੇ।
- VAAC ਮੈਂਬਰ ਸਾਰੇ ਵੋਟਰਾਂ ਨੂੰ ਸੁਤੰਤਰ ਅਤੇ ਨਿੱਜੀ ਤੌਰ 'ਤੇ ਵੋਟ ਪਾਉਣ ਦੀ ਯੋਗਤਾ ਨੂੰ ਬਿਹਤਰ ਬਣਾਉਣ ਦੇ ਤਰੀਕਿਆਂ ਬਾਰੇ ਸਿਫ਼ਾਰਸ਼ਾਂ ਕਰਨਗੇ।
- VAAC ਮੈਂਬਰ ਪ੍ਰਕ੍ਰਿਆਵਾਦੀ ਸੁਧਾਰਾਂ ਦੀ ਸਿਫ਼ਾਰਸ਼ ਕਰ ਸਕਦੇ ਹਨ ਜਿਨ੍ਹਾਂ ਨੂੰ ਵੋਟਰ ਰਜਿਸਟਰਾਰ ਵੱਲੋਂ ਅਪਨਾਉਣ ਲਈ ਵਿਚਾਰਿਆ ਜਾਵੇਗਾ।

ਜਨਤਾ ਦੇ ਇਛੁੱਕ ਵਾਲੇ ਅਤੇ ਪ੍ਰਤੀਬੱਧ ਮੈਂਬਰਾਂ ਨੂੰ VAAC ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਅਪਲਾਈ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਲਈ, www.stanvote.com 'ਤੇ ਜਾਓ।

## ਅਪਾਹਜ ਭਾਈਚਾਰੇ ਨੂੰ ਸਿਖਲਾਈ ਦੇਣਾ – ਵੋਟਰ ਸਿੱਖਿਆ ਵਰਕਸ਼ਾਪ

§4005(a)(10)(I)(i)(VI)(ib)

Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਪਹੁੰਚਯੋਗਤਾ ਵਧਾਉਣ ਅਤੇ ਯੋਗ ਅਪਾਹਜ ਵੋਟਰਾਂ ਦੀ ਭਾਗੀਦਾਰੀ ਵਧਾਉਣ ਲਈ ਵੋਟਰ ਸਿੱਖਿਆ ਵਰਕਸ਼ਾਪਾਂ ਦਾ ਪ੍ਰਬੰਧਨ ਕਰੇਗਾ। Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਸਿੱਧੇ ਤੌਰ 'ਤੇ ਵੋਟਰਾਂ ਅਤੇ ਹਾਜ਼ਰੀਨ ਨੂੰ ਵੱਖ-ਵੱਖ ਕਿਸਮ ਦੇ ਸਮਾਗਮਾਂ ਵਿੱਚ ਵੋਟਰ ਚੋਣ ਅਧਿਨਿਯਮ ਨਾਲ ਸੰਬੰਧਿਤ ਪੇਸ਼ਕਾਰੀਆਂ ਵੀ ਮੁਹੱਈਆ ਕਰਵਾਏਗਾ। Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦਾ ਟੀਚਾ ਭਾਈਚਾਰਕ ਭਾਈਵਾਲਾਂ ਅਤੇ VAAC ਨਾਲ ਤਾਲਮੇਲ ਬਣਾਉਣਾ ਹੈ ਤਾਂ ਜੋ ਸਾਡੇ ਵੋਟਰਾਂ ਨੂੰ ਉਹਨਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਕਰਨ ਦੇ ਮੌਕਿਆਂ ਦੀ ਪਛਾਣ ਕੀਤੀ ਜਾ ਸਕੇ, ਵੋਟਿੰਗ ਸਮੱਗਰੀ ਦੇ ਪ੍ਰਦਰਸ਼ਨ ਦੀ ਪੇਸ਼ਕਸ਼ ਕੀਤੀ ਜਾ ਸਕੇ, ਅਤੇ ਇਸ ਬਾਰੇ ਵਿਆਖਿਆ ਕੀਤੀ ਜਾ ਸਕੇ ਕਿ ਇੱਕ ਪਹੁੰਚਯੋਗ ਬੈਲਟ ਲਈ ਬੇਨਤੀ ਕਿਵੇਂ ਕਰਨੀ ਹੈ, ਬੈਲਟ ਕਿਵੇਂ ਪ੍ਰਾਪਤ ਕਰਨਾ ਹੈ ਅਤੇ ਬੈਲਟ ਨਾਲ ਤਾਲਮੇਲ ਕਿਵੇਂ ਕਰਨਾ ਹੈ। ਅਨੁਸੂਚਿਤ ਚੋਣਾਂ ਤੋਂ ਪਹਿਲਾਂ ਵਧੇਰੇ ਸਿੱਖਿਅਕ ਵਰਕਸ਼ਾਪਾਂ ਨੂੰ ਆਯੋਜਿਤ ਕੀਤਾ ਜਾਵੇਗਾ, ਜਿਸ ਨਾਲ ਵੋਟਰਾਂ ਨੂੰ ਚੋਣਾਂ ਅਤੇ ਵੋਟਿੰਗ ਬਾਰੇ ਪਹਿਲਾਂ ਤੋਂ ਹੀ ਜਾਣਕਾਰੀ ਪ੍ਰਾਪਤ ਹੋ ਸਕੇਗੀ। Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਕਾਉਂਟੀ ਦੇ ਸਾਰੇ ਖੇਤਰਾਂ ਵਿੱਚ ਪਹੁੰਚਣ ਲਈ ਹਰ ਕੋਸ਼ਿਸ਼ ਕਰੇਗਾ। ਵੋਟਰਾਂ ਕੋਲ ਵੋਟਰ ਕੇਂਦਰ ਦੇ ਮਾਡਲ ਅਤੇ ਉਹਨਾਂ ਦੇ ਵੋਟਿੰਗ ਵਿਕਲਪਾਂ ਬਾਰੇ ਸਿੱਖਣ ਦੇ ਬਹੁਤ ਸਾਰੇ ਮੌਕੇ ਹੋਣਗੇ, ਪਰ ਇਹ ਹੇਠ ਲਿਖੀਆਂ ਗੱਲਾਂ ਤੱਕ ਹੀ ਸੀਮਿਤ ਨਹੀਂ ਹਨ:

1) ਵਿਭਾਗ ਦਾ VAAC ਅਤੇ LAAC
    a. ਮੀਟਿੰਗਾਂ ਵਿੱਚ ਵੋਟਿੰਗ ਪ੍ਰਣਾਲੀ ਸੰਬੰਧੀ ਪ੍ਰਦਰਸ਼ਨ ਅਤੇ ਜਾਣਕਾਰੀ ਸੰਬੰਧੀ ਅੱਪਡੇਟ ਸ਼ਾਮਲ ਹਨ
    b. VAAC ਅਤੇ LAAC ਨਾਲ ਆਪਣੇ ਭਾਈਚਾਰਿਆਂ ਵਿੱਚ ਵੰਡਣ ਲਈ ਵਿੱਦਿਅਕ ਸਮੱਗਰੀ ਨੂੰ ਵਿਕਸਿਤ ਕਰਨਾ

2) ਵੱਖ-ਵੱਖ ਦਰਸ਼ਕਾਂ ਲਈ ਪੇਸ਼ਕਾਰੀਆਂ:
    a. ਕਾਉਂਟੀ ਦਾ ਸੁਪਰਵਾਈਜ਼ਰਾਂ ਦਾ ਬੋਰਡ
    b. ਚੁਣੇ ਗਏ ਅਧਿਕਾਰੀਆਂ ਦੇ ਟਾਊਨ ਹਾਲ
    c. ਕਾਉਂਟੀ ਸੈਂਟਰਲ ਕਮੇਟੀਆਂ ਅਤੇ ਰਾਜਨੀਤਿਕ ਕਮੇਟੀਆਂ
    d. ਸਿਟੀ ਕਲਰਕ
    e. ਸੇਵਾ ਸੰਸਥਾਵਾਂ (ਜਿਵੇਂ ਕਿ Rotary, Kiwanis)

## ਪਹੁੰਚਯੋਗ ਵੋਟਿੰਗ ਸਮੱਗਰੀ ਅਤੇ ਬੈਲਟ ਅਤੇ ਪਹੁੰਚਯੋਗ ਵੈੱਬਸਾਈਟ

§4005(a)(10)(I)(i)(IV)

Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਇਹ ਪੱਕਾ ਕਰਨ ਲਈ Stanislaus ਕਾਉਂਟੀ ਦੇ ਸੂਚਨਾ ਤਕਨੀਕੀ ਕਰਮਚਾਰੀਆਂ ਨਾਲ ਕੰਮ ਕਰੇਗਾ ਕਿ ਚੋਣਾਂ ਦੀ ਸਾਰੀ ਜਾਣਕਾਰੀ ਪਹੁੰਚਯੋਗ ਵੈੱਬਸਾਈਟ, www.stanvote.com 'ਤੇ ਟੈਕਸਟ-ਅਧਾਰਤ ਫਾਰਮੈਟ ਵਿੱਚ ਉਪਲਬਧ ਹੈ। ਜਾਣਕਾਰੀ ਵਿੱਚ ਡ੍ਰੌਪ-ਔਫ਼ ਵਾਲੇ ਟਿਕਾਣਿਆਂ ਅਤੇ ਵੋਟ ਕੇਂਦਰਾਂ ਅਤੇ ਉਹਨਾਂ ਦੇ ਖੁੱਲ੍ਹਣ ਦੀਆਂ ਤਾਰੀਖ਼ਾਂ ਅਤੇ ਕੰਮਕਾਜ ਦੇ ਘੰਟਿਆਂ ਦੇ ਨਾਲ-ਨਾਲ ਵੋਟ ਕੇਂਦਰ 'ਤੇ ਉਪਲਬਧ ਸੇਵਾਵਾਂ ਦੀ ਸੂਚੀ ਵੀ ਸ਼ਾਮਲ ਹੈ। Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਉਪਲਬਧ ਪਹੁੰਚਯੋਗ ਵੋਟਿੰਗ ਸਾਧਨਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਵੈੱਬਪੇਜ ਬਣਾਉਣ ਦੀ ਯੋਜਨਾ ਵੀ ਬਣਾ ਰਿਹਾ ਹੈ।

## ਵੋਟ ਕੇਂਦਰਾਂ ਅਤੇ ਡ੍ਰੌਪ-ਔਫ਼ ਵਾਲੇ ਟਿਕਾਣਿਆਂ 'ਤੇ ਉਪਲਬਧ ਪਹੁੰਚਯੋਗ ਸੇਵਾਵਾਂ

§4005(a)(10)(I)(vi)(X)

ਹਰੇਕ ਵੋਟ ਕੇਂਦਰ ਵਿੱਚ ਪਹੁੰਚਯੋਗ ਪਾਰਕਿੰਗ ਉਪਲਬਧ ਹੋਵੇਗੀ। ਸਟਾਫ਼ ਵੱਲੋਂ ਵੋਟ ਕੇਂਦਰਾਂ ਦਾ ਸਰਵੇਖਣ ਕੀਤਾ ਜਾਵੇਗਾ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਹਰੇਕ ਜਗ੍ਹਾ 'ਤੇ ਅਮਰੀਕਨ ਅਪਾਹਜਤਾ ਅਧਿਨਿਯਮ (American Disability Act, ADA) ਦੀ ਪਾਲਣਾ ਕਰਨ ਲਈ ਲੋੜੀਂਦਾ ਸਮਾਨ ਅਤੇ ਸਮੱਗਰੀ ਉਪਲਬਧ ਹੈ।

ਸਾਰੇ ਵੋਟ ਕੇਂਦਰ ਬੈਲਟ ਨੂੰ ਨਿਸ਼ਾਨਬੱਧ ਕਰਨ ਵਾਲੇ ਘੱਟੋ-ਘੱਟ ਤਿੰਨ ਪਹੁੰਚਯੋਗ ਡਿਵਾਇਸ (HART TouchWriter) ਨਾਲ ਲੈਸ ਹੋਣਗੇ ਅਤੇ ਲੋੜ ਪੈਣ 'ਤੇ ਕਾਗਜ਼ੀ ਬੈਲਟ ਉਪਲਬਧ ਹੋਣਗੇ। ਬੈਲਟ ਨੂੰ ਨਿਸ਼ਾਨਬੱਧ ਕਰਨ ਵਾਲਾ ਪਹੁੰਚਯੋਗ ਡਿਵਾਇਸ ਵੋਟਿੰਗ ਦੀਆਂ ਹਿਦਾਇਤਾਂ ਅਤੇ ਬੈਲਟ ਨੂੰ ਵੱਡੇ ਕਿਸਮ ਦੇ ਟੈਕਸਟ, ਟੱਚ ਅਤੇ ਆਡੀਓ ਫਾਰਮੈਟਾਂ ਵਿੱਚ ਡਿਸਪਲੇ ਕਰਦਾ ਹੈ। ਡਿਵਾਈਸ ਹੋਰ ਸਹਾਇਕ ਯੰਤਰਾਂ (ਜਿਵੇਂ ਕਿ, ਸਿਪ ਅਤੇ ਪਫ, ਸਟਾਈਲਸ, ਆਦਿ) ਦੀ ਵਰਤੋਂ ਦੀ ਵੀ ਇਜਾਜ਼ਤ ਦਿੰਦੀ ਹੈ।

VAAC ਮੈਂਬਰਾਂ ਤੋਂ ਫੀਡਬੈਕ ਪ੍ਰਾਪਤ ਕਰਨ ਤੋਂ ਬਾਅਦ, ਕਾਉਂਟੀ ਨੇ ਹਰੇਕ ਵੋਟ ਕੇਂਦਰ ਲਈ ਨਵੀਆਂ ਕਾਲ ਘੰਟੀਆਂ ਖਰੀਦੀਆਂ। ਕਾਲ ਘੰਟੀਆਂ ਇੱਕ ਪਹੁੰਚਯੋਗ ਪਾਰਕਿੰਗ ਸਪੇਸ ਦੇ ਡਰਾਈਵਰ ਦੇ ਪਾਸੇ ਰੱਖੀਆਂ ਜਾਂਦੀਆਂ ਹਨ। ਇਹ ਉਹਨਾਂ ਵੋਟਰਾਂ ਨੂੰ ਇਜਾਜ਼ਤ ਦਿੰਦਾ ਹੈ, ਜੋ ਆਪਣੇ ਵਾਹਨ ਤੋਂ ਬਾਹਰ ਨਹੀਂ ਨਿਕਲ ਸਕਦੇ, VBM ਬੈਲਟ ਡਰਾਪ-ਆਫ, ਵੋਟ ਪਾਉਣ ਲਈ ਰਜਿਸਟਰ ਕਰਨਾ ਜਾਂ ਵੋਟਰ ਰਜਿਸਟ੍ਰੇਸ਼ਨ ਨੂੰ ਅੱਪਡੇਟ ਕਰਨਾ ਆਦਿ ਸਮੇਤ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਜਿੱਥੇ ਸੰਭਵ ਹੋਵੇ, ਕੁਝ ਵੋਟ ਕੇਂਦਰ ਕਰਬਸਾਈਡ ਬੈਲਟ ਡ੍ਰੌਪ-ਆਫ਼ ਦੀ ਪੇਸ਼ਕਸ਼ ਵੀ ਕਰਦੇ ਹਨ ਤਾਂ ਜੋ ਵੋਟਰ ਆਪਣੇ ਵਾਹਨ ਤੋਂ ਬਾਹਰ ਨਿਕਲਣ ਦੀ ਜ਼ਰੂਰਤ ਤੋਂ ਬਿਨਾਂ ਆਪਣੇ VBM ਨੂੰ ਛੱਡ ਸਕਣ।

ਚੋਣ ਕਲਰਕਾਂ ਅਤੇ ਵਲੰਟੀਅਰਾਂ ਨੂੰ ਕਿਸੇ ਵੀ ਵੋਟਰ ਦੀ ਸਭ ਤੋਂ ਵਧੀਆ ਤਰੀਕੇ ਨਾਲ ਸਹਾਇਤਾ ਕਰਨ ਲਈ ਸਿਖਲਾਈ ਦਿੱਤੀ ਜਾਵੇਗੀ ਅਤੇ Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੇ ਦਫ਼ਤਰ ਨੂੰ ਇਸ ਉਪਕਰਣ ਦੀ ਵਰਤੋਂ ਕਰਨ ਦਾ ਤਜਰਬਾ ਹੈ। ਚੋਣ ਕਲਰਕਾਂ ਅਤੇ ਵਲੰਟੀਅਰਾਂ ਨੂੰ ਇੱਕ ਵੋਟ ਕੇਂਦਰ ਵਿੱਚ ਸੇਵਾ ਕਰਨ ਤੋਂ ਪਹਿਲਾਂ ਸਿਖਲਾਈ ਵਿੱਚ ਸ਼ਾਮਲ ਹੋਣ ਦੀ ਜ਼ਰੂਰਤ ਹੁੰਦੀ ਹੈ। ਸਿਖਲਾਈ ਵਿੱਚ ਅਪਾਹਜਤਾ ਸੰਵੇਦਨਸ਼ੀਲਤਾ ਅਤੇ ਜ਼ਿਕਰ ਕੀਤੀਆਂ ਸੇਵਾਵਾਂ ਵਿੱਚ ਵੋਟਰਾਂ ਦੀ ਸਹਾਇਤਾ ਕਰਨਾ ਸ਼ਾਮਲ ਹੈ।

ਬੈਲਟ ਡ੍ਰੌਪ-ਔਫ਼ ਦੀਆਂ ਸਾਰੀਆਂ ਅੰਦਰੂਨੀ ਅਤੇ ਬਾਹਰਲੀਆਂ ਥਾਂਵਾਂ ਪਹੁੰਚਯੋਗ ਹੋਣਗੀਆਂ ਅਤੇ ਜਿੰਨਾ ਸੰਭਵ ਹੋ ਸਕੇ ਜਨਤਕ ਆਵਾਜਾਈ ਵਾਲੇ ਰਸਤਿਆਂ ਦੇ ਨਜ਼ਦੀਕ ਹੋਣਗੀਆਂ। Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੇ ਦਫ਼ਤਰ (1021 "I" Street) ਵਿਖੇ 24 ਘੰਟੇ ਖੁੱਲ੍ਹੀ ਬੈਲਟ ਡ੍ਰੌਪ-ਔਫ਼ ਦੀ ਥਾਂ ਪਹੁੰਚਯੋਗ ਹੈ ਅਤੇ ਜਨਤਕ ਆਵਾਜਾਈ ਵਾਲੇ ਰਸਤੇ ਵਿੱਚ ਹੈ।

## ਪਹੁੰਚਯੋਗ ਡਾਕ ਰਾਹੀਂ ਵੋਟ ਬੈਲਟ ਲਈ ਬੇਨਤੀ ਕਰਨਾ

§4005(a)(8)(B)(iii)

ਸਾਰੇ ਰਜਿਸਟਰਡ ਵੋਟਰਾਂ ਨੂੰ ਡਾਕ ਰਾਹੀਂ ਵੋਟ ਬੈਲਟ ਅੰਗਰੇਜ਼ੀ ਅਤੇ ਸਪੈਨਿਸ਼, ਦੋ ਭਾਸ਼ਾਵਾਂ ਵਿੱਚ ਪ੍ਰਾਪਤ ਹੋਵੇਗਾ। ਪਹੁੰਚਯੋਗ ਡਾਕ ਰਾਹੀਂ ਵੋਟ ਬੈਲਟ ਦੇ ਇੱਛੁਕ ਵੋਟਰ ਰਿਮੋਟ ਐਕਸੈਸ ਡਾਕ ਰਾਹੀਂ ਵੋਟ (RAVBM) ਪ੍ਰੋਗਰਾਮ ਦੀ ਵਰਤੋਂ ਕਰ ਸਕਦੇ ਹਨ। RAVBM ਪ੍ਰੋਗਰਾਮ ਕਿਸੇ ਵੋਟਰ ਨੂੰ ਆਪਣੇ ਪਹੁੰਚਯੋਗ ਸਾਫ਼ਟਵੇਅਰ ਦੀ ਵਰਤੋਂ ਕਰਕੇ ਪਹੁੰਚਯੋਗ ਕਾਉਂਟੀ ਵੋਟਰ ਜਾਣਕਾਰੀ ਗਾਈਡ ਨੂੰ ਦੇਖਣ ਅਤੇ ਘਰ ਤੋਂ ਹੀ ਪਹੁੰਚਯੋਗ ਬੈਲਟ ਨੂੰ ਨਿਸ਼ਾਨਬੱਧ ਕਰਨ ਦੀ ਇਜਾਜ਼ਤ ਦਿੰਦਾ ਹੈ। RAVBM ਦੀ ਵਰਤੋਂ ਲਈ ਇੱਕ ਪ੍ਰਿੰਟਰ ਦੀ ਜ਼ਰੂਰਤ ਹੁੰਦੀ ਹੈ, ਤਾਂ ਜੋ ਚਿੰਨ੍ਹਿਤ ਬੈਲਟ ਨੂੰ ਪ੍ਰਿੰਟ ਕੀਤਾ ਜਾ ਸਕੇ ਅਤੇ ਫਿਰ ਕਾਗਜ਼ ਦੇ ਰੂਪ ਵਿੱਚ ਸਬਮਿਟ ਕੀਤਾ ਜਾ ਸਕੇ। ਵੋਟਰ ਡਾਉਨਲੋਡ ਪੈਕੇਜ ਵਿੱਚ ਉਪਲਬਧ ਲਿਫ਼ਾਫ਼ੇ ਦੀ ਵਰਤੋਂ ਕਰਕੇ ਜਾਂ ਡਾਕ ਬੈਲਟ ਦੁਆਰਾ ਵੋਟ ਦੇ ਨਾਲ ਭੇਜੇ ਗਏ ਵਾਪਸੀ ਵਾਲੇ ਲਿਫ਼ਾਫ਼ੇ ਦੀ ਵਰਤੋਂ ਕਰਕੇ ਲਿਫ਼ਾਫ਼ੇ ਨੂੰ ਵਾਪਸ ਕਰ ਸਕਦੇ ਹਨ। ਵੋਟਰ ਦਸਤਖਤ ਵਾਲੇ ਬੈਲਟ ਲਿਫ਼ਾਫ਼ੇ ਨੂੰ ਡਾਕ ਰਾਹੀਂ, ਬੈਲਟ ਡ੍ਰੌਪ ਬਾਕਸ ਜਾਂ ਵੋਟ ਕੇਂਦਰ 'ਤੇ ਵਾਪਸ ਕਰਨ ਦੀ ਚੋਣ ਕਰ ਸਕਦੇ ਹਨ। RAVBM ਪ੍ਰੋਗਰਾਮ ਬਾਰੇ ਜਾਣਕਾਰੀ ਕਾਉਂਟੀ ਵੋਟਰ ਜਾਣਕਾਰੀ ਗਾਈਡ ਵਿੱਚ ਅਤੇ ਚੋਣ ਡਿਵੀਜ਼ਨ ਦੀ ਵੈੱਬਸਾਈਟ www.stanvote.com 'ਤੇ ਦਿੱਤੀ ਗਈ ਹੈ। Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਡਾਕ ਰਾਹੀਂ ਪਹੁੰਚਯੋਗ ਮਤਦਾਨ ਨੂੰ ਵੰਡਣ ਲਈ ਡੈਮੋਕਰੇਸੀ ਲਾਈਵ ਪਲੇਟਫਾਰਮ ਦੀ ਵਰਤੋਂ ਕਰੇਗਾ। ਜਿਹੜੇ ਵੋਟਰ RAVBM ਪ੍ਰਦਰਸ਼ਨੀ ਵੈੱਬਸਾਈਟ ਦੀ ਵਰਤੋਂ ਕਰਨਾ ਚਾਹੁੰਦੇ ਹਨ, ਉਹ ਦਿਸ਼-ਨਿਰਦੇਸ਼ਾਂ ਲਈ www.stanvote.com 'ਤੇ ਜਾ ਸਕਦੇ ਹਨ।

ਇਸ ਤੋਂ ਇਲਾਵਾ, ਵੋਟਰਾਂ ਨੂੰ ਜਾਰੀ ਕੀਤੇ ਗਏ ਬੈਲਟ ਰਿਟਰਨ ਲਿਫ਼ਾਫ਼ੇ ਵਿੱਚ ਦੋ ਸਰਕੂਲਰ ਮੰਗ-ਪੱਤਰ ਹੁੰਦੇ ਹਨ। ਮੰਗ-ਪੱਤਰ ਦ੍ਰਿਸ਼ਟੀਹੀਣਤਾ ਵਾਲੇ ਵੋਟਰਾਂ ਲਈ ਦਸਤਖਤ ਲਾਈਨ ਦਾ ਪਤਾ ਲਗਾਉਣ ਅਤੇ ਸਹੀ ਥਾਂ 'ਤੇ ਦਸਤਖਤ ਕਰਨ ਲਈ ਇੱਕ ਮਾਰਗਦਰਸ਼ਕ ਹੁੰਦੇ ਹਨ।

## ਬੈਲਟ ਨੂੰ ਬਦਲਣ ਲਈ ਬੇਨਤੀ ਕਰਨਾ

§4005(a)(10)(I)(ii)

ਅਪਾਹਜ ਵੋਟਰ ਤਿੰਨ ਤਰੀਕਿਆਂ ਨਾਲ ਬੈਲਟ ਬਦਲਣ ਲਈ ਬੇਨਤੀ ਕਰ ਸਕਦੇ ਹਨ: (1) ਡਾਕ ਰਾਹੀਂ ਜਾਂ (2) Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੇ ਦਫ਼ਤਰ ਵਿੱਚ (209-525-5201) TTY ਹੌਟਲਾਈਨ 'ਤੇ ਕੱਲ ਕਰਕੇ (3) ਕਿਸੇ ਵੀ ਵੋਟ ਕੇਂਦਰ 'ਤੇ ਜਾ ਕੇ। ਜਿਹੜੇ ਵੋਟਰ ਡਾਕ ਰਾਹੀਂ ਵੋਟ ਬੈਲਟ ਨੂੰ ਬਦਲਣ ਦੀ ਬੇਨਤੀ ਕਰਨਾ ਚਾਹੁੰਦੇ ਹਨ ਉਹ ਲਿਫ਼ਾਫੇ 'ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਦੇ ਹੋਏ ਬੈਲਟ ਵਾਪਸ ਭੇਜਣ ਵਾਲੇ ਲਿਫ਼ਾਫੇ 'ਤੇ 'ਖਰਾਬ ਹੋਇਆ' ਨਾਮਕ ਵਿਕਲਪ ਅੱਗੇ ਦਿੱਤੇ ਬੌਕਸ 'ਤੇ ਨਿਸ਼ਾਨ ਲਗਾ ਸਕਦੇ ਹਨ। ਚੋਣਾਂ ਤੋਂ ਸੱਤ ਦਿਨ ਪਹਿਲਾਂ ਆਖਰੀ ਵਾਰ ਬਦਲਿਆ ਹੋਇਆ ਡਾਕ ਰਾਹੀਂ ਵੋਟ ਬੈਲਟ ਡਾਕ ਰਾਹੀਂ ਭੇਜਿਆ ਜਾ ਸਕਦਾ ਹੈ। ਅਪਾਹਜ ਵੋਟਰ ਬਦਲਵਾਂ ਬੈਲਟ ਪ੍ਰਾਪਤ ਕਰਨ ਜਾਂ ਪਹੁੰਚਯੋਗ ਡਿਵਾਇਸ ਦੀ ਵਰਤੋਂ ਨਾਲ ਬੈਲਟ ਨੂੰ ਨਿਸ਼ਾਨਬੱਧ ਕਰਨ ਲਈ ਕਿਸੇ ਵੋਟ ਕੇਂਦਰ 'ਤੇ ਵੀ ਜਾ ਸਕਦੇ ਹਨ। TTY ਹੌਟਲਾਈਨ ਦੇ ਲਈ ਨੰਬਰ Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੀ ਵੈੱਬਸਾਈਟ 'ਤੇ ਅਤੇ ਵੋਟਰਾਂ ਨੂੰ ਭੇਜੀ ਜਾਣ ਵਾਲੀ ਮਤਦਾਨ ਸਮੱਗਰੀ ਵਿੱਚ ਲਿਖਿਆ ਹੋਵੇਗਾ।

## ਬਹਿਰੇ ਅਤੇ ਘੱਟ ਸੁਣਨ ਵਾਲੇ ਵੋਟਰਾਂ ਲਈ ਟੋਲ-ਫ੍ਰੀ ਹੌਟਲਾਈਨ

§4005(a)(10)(I)(vii)

Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਕੋਲ ਚੋਣ ਵਾਲੇ ਦਿਨ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ ਅਤੇ ਸਵੇਰੇ 7:00 ਵਜੇ ਤੋਂ ਰਾਤ 8:00 ਵਜੇ ਤੱਕ ਬਹਿਰੇ ਅਤੇ ਘੱਟ ਸੁਣਨ ਵਾਲੇ ਵੋਟਰਾਂ ਲਈ ਇੱਕ ਟੋਲ-ਫ੍ਰੀ TTY ਹੌਟਲਾਈਨ ਉਪਲਬਧ ਹੈ। ਟੋਲ-ਫ੍ਰੀ TTY ਹੌਟਲਾਈਨ ਨੰਬਰ Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੀ ਵੈੱਬਸਾਈਟ 'ਤੇ ਅਤੇ ਵੋਟਰਾਂ ਨੂੰ ਭੇਜੀ ਜਾਣ ਵਾਲੀ ਮਤਦਾਨ ਸਮੱਗਰੀ ਵਿੱਚ ਲਿਖਿਆ ਹੋਵੇਗਾ।

DRAFT

## ਵੋਟਰ ਪਹੁੰਚਯੋਗਤਾ ਅਤੇ ਭਾਗੀਦਾਰੀ ਵਿੱਚ ਅਸਮਾਨਤਾਵਾਂ ਨਾਲ ਮੁਖਾਤਿਬ ਹੋਣਾ

§4005(a)(10)(I)(iii)

ਹਰੇਕ ਚੋਣਾਂ ਤੋਂ ਬਾਅਦ Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਵੋਟਰ ਦੀ ਪਹੁੰਚਯੋਗਤਾ ਅਤੇ ਭਾਗੀਦਾਰੀ ਵਿੱਚ ਮਹੱਤਵਪੂਰਨ ਅਸਮਾਨਤਾਵਾਂ ਨੂੰ ਦੂਰ ਕਰਨ ਲਈ ਉਚਿਤ ਯਤਨ ਕਰੇਗਾ। Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਸਮੱਸਿਆਵਾਂ ਸੰਬੰਧੀ ਵਿਚਾਰ-ਵਟਾਂਦਰੇ ਲਈ ਅਤੇ ਪਹੁੰਚਯੋਗਤਾ ਦੀਆਂ ਲੋੜਾਂ ਵਾਲੇ ਵੋਟਰਾਂ ਦੀ ਬਿਹਤਰ ਸੇਵਾ ਲਈ ਸਮਾਧਾਨ ਵਿਕਸਿਤ ਕਰਨ ਵਾਸਤੇ VAAC ਨਾਲ ਮੁਲਾਕਾਤ ਕਰੇਗਾ। ਇਸ ਤੋਂ ਇਲਾਵਾ, ਵੋਟਰ ਰਜਿਸਟਰਾਰ ਦਾ ਦਫ਼ਤਰ ਸਾਰੇ ਵੋਟ ਕੇਂਦਰਾਂ ਦੇ ਸਟਾਫ਼ ਨਾਲ ਵੋਟਰਾਂ ਦੀ ਪਹੁੰਚਯੋਗਤਾ ਅਤੇ ਭਾਗੀਦਾਰੀ ਨੂੰ ਬਿਹਤਰ ਬਣਾਉਣ ਦੇ ਮੌਕਿਆਂ ਦਾ ਮੁਲਾਂਕਣ ਅਤੇ ਸਮਾਧਾਨ ਕੱਢਣ ਲਈ ਵਿਚਾਰ ਵਟਾਂਦਰੇ ਦਾ ਆਯੋਜਨ ਕਰੇਗਾ।

DRAFT

# ਸੈਕਸ਼ਨ VII – ਵੋਟਰ ਸਿੱਖਿਆ ਅਤੇ ਪਹੁੰਚ – ਅਲਪ-ਸੰਖਿਅਕ ਭਾਸ਼ਾ ਭਾਈਚਾਰੇ

Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਨੇ VCA ਦੇ ਸੰਬੰਧ ਵਿੱਚ ਅੱਸ਼ੂਰੀਆਂ, ਖਮੇਰ ਅਤੇ ਪੰਜਾਬੀ ਭਾਸ਼ਾ ਵਿੱਚ ਸਹਾਇਤਾ ਦੀ ਲੋੜ ਵਾਲੇ ਲੋਕਾਂ ਨੂੰ ਬਿਹਤਰ ਤਰੀਕੇ ਨਾਲ ਸਿੱਖਿਅਤ ਕਰਨ ਅਤੇ ਉਹਨਾਂ ਤੱਕ ਪਹੁੰਚਣ ਦਾ ਤਰੀਕਾ ਸਥਾਪਿਤ ਕਰਨ ਲਈ ਇੱਕ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਦਾ ਗਠਨ ਕੀਤਾ ਹੈ। ਕਮੇਟੀ ਦੇ ਮੈਂਬਰਾਂ ਦੀ ਚੋਣ ਉਹਨਾਂ ਦੀ ਸ਼ਮੂਲੀਅਤ ਅਤੇ ਪਹੁੰਚ ਯੋਗਤਾਵਾਂ ਵਾਲੇ ਭਾਈਚਾਰਿਆਂ ਨਾਲ ਸ਼ਮੂਲੀਅਤ ਦੇ ਆਧਾਰ ਤੇ ਕੀਤੀ ਜਾ ਰਹੀ ਹੈ। ਵਰਤਮਾਨ ਮੈਂਬਰ ਉਹਨਾਂ ਸਮੁਦਾਇਕ ਸੰਸਗਠਨਾਂ ਦਾ ਹਿੱਸਾ ਹਨ, ਜੋ ਕਾਉਂਟੀ ਦੁਆਰਾ ਸਹਾਇਤਾ ਪ੍ਰਦਾਨ ਕਰਨ ਵਾਲੇ ਭਾਸ਼ਾ ਸਮੁਦਾਇ ਦੀ ਨੁਮਾਇੰਦਗੀ ਅਤੇ ਮੁਹਾਰਤ ਪ੍ਰਦਾਨ ਕਰਦੇ ਹਨ। ਸਮੁਦਾਇਕ ਸੰਗਠਨਾਂ ਵਿੱਚ ਸ਼ਾਮਲ ਹਨ ਐਸੀਰੀਅਨ ਅਮਰੀਕਨ ਸਿਵਿਕ ਕਲੱਬ, El Concilio, Jakara Movement ਏਸ਼ੀਅਨ ਅਮਰੀਕਨ ਸਮੁਦਾਇਕ ਸਰੋਤ।

ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਦਾ ਉਦੇਸ਼ Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੇ ਦਫ਼ਤਰ ਨੂੰ ਮੌਜੂਦਾ ਚੋਣ ਕਨੂੰਨਾਂ ਦੇ ਪ੍ਰਬੰਧ ਅਧੀਨ ਅੰਗਰੇਜ਼ੀ ਵਿੱਚ ਸੀਮਤ ਮੁਹਾਰਤ ਵਾਲੇ ਵੋਟਰਾਂ ਲਈ ਚੋਣ ਪ੍ਰਕਿਰਿਆ ਨੂੰ ਬਿਹਤਰ ਬਣਾਉਣ ਵਾਸਤੇ ਸਲਾਹ ਦੇਣਾ ਅਤੇ ਸਹਾਇਤਾ ਕਰਨਾ ਹੈ।

- LAAC ਦੇ ਮੈਂਬਰ ਕਾਉਂਟੀ ਦੀ ਅੰਗਰੇਜ਼ੀ ਦੀ ਸੀਮਤ ਮੁਹਾਰਤ ਵਾਲੇ ਭਾਈਚਾਰਿਆਂ ਨੂੰ ਵੋਟਰ ਸਿੱਖਿਆ ਮੁਹੱਈਆ ਕਰਨ ਲਈ ਵਧੇਰੇ ਪ੍ਰਭਾਵਸ਼ਾਲੀ ਤਰੀਕਿਆਂ ਦੀ ਖੋਜ ਕਰਨ ਵਿੱਚ ਮਦਦ ਕਰਨਗੇ।
- LAAC ਵੋਟਿੰਗ ਅਤੇ ਚੋਣ ਸਮੱਗਰੀਆਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਦੇ ਤਰੀਕਿਆਂ ਬਾਰੇ ਸਿਫ਼ਾਰਸ਼ਾਂ ਕਰਨ ਲਈ ਜਨਤਾ ਨੂੰ ਇੱਕ ਮੰਚ ਮੁਹੱਈਆ ਕਰਦਾ ਹੈ।
- LAAC ਦੇ ਮੈਂਬਰ ਅੰਗਰੇਜ਼ੀ ਵਿੱਚ ਸੀਮਤ ਮੁਹਾਰਤ ਵਾਲੇ ਵੋਟਰਾਂ ਦੇ ਸਮਝਣ ਨੂੰ ਯਕੀਨੀ ਬਣਾਉਣ ਲਈ ਚੋਣ ਅਤੇ ਵੋਟਰ ਸਿੱਖਿਆ ਸਮੱਗਰੀਆਂ ਦੀ ਸਮੀਖਿਆ ਕਰਨ ਵਿੱਚ ਸਹਾਇਤਾ ਕਰਨਗੇ।
- LAAC ਦੇ ਮੈਂਬਰ ਦੋਭਾਸ਼ੀ ਕਰਮਚਾਰੀਆਂ ਦੀ ਭਰਤੀ ਅਤੇ ਉਹਨਾਂ ਦੀ ਬਰਕਰਾਰੀ ਵਿੱਚ ਸਹਾਇਤਾ ਕਰਨਗੇ।
- LAAC ਮੈਂਬਰ ਪ੍ਰਕ੍ਰਿਆਵਾਦੀ ਸੁਧਾਰਾਂ ਦੀ ਸਿਫ਼ਾਰਸ਼ ਕਰ ਸਕਦੇ ਹਨ ਜਿਨ੍ਹਾਂ ਨੂੰ ਵੋਟਰ ਰਜਿਸਟਰਾਰ ਵੱਲੋਂ ਅਪਨਾਉਣ ਲਈ ਵਿਚਾਰਿਆ ਜਾਵੇਗਾ।

ਜਨਤਾ ਦੇ ਇਛੁੱਕ ਵਾਲੇ ਅਤੇ ਪ੍ਰਤੀਬੱਧ ਮੈਂਬਰਾਂ ਨੂੰ VAAC ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਅਪਲਾਈ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਲਈ, www.stanvote.com 'ਤੇ ਜਾਓ।

## ਅਲਪ-ਸੰਖਿਅਕ ਭਾਸ਼ਾ ਵਾਲੇ ਭਾਈਚਾਰਿਆਂ ਨੂੰ ਸਿੱਖਿਅਤ ਕਰਨਾ – ਵੋਟਰ ਸਿੱਖਿਆ ਵਰਕਸ਼ਾਪ

§4005(a)(10)(I)(i)(VI)(ia)

Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਸਿੱਧੇ ਤੌਰ 'ਤੇ ਵੋਟਰਾਂ ਅਤੇ ਹਾਜ਼ਰੀਨ ਨੂੰ ਵੱਖ-ਵੱਖ ਕਿਸਮ ਦੇ ਸਮਾਗਮਾਂ ਵਿੱਚ ਵੋਟਰ ਕੇਂਦਰ ਦੇ ਮਾਡਲ ਦੀ ਜਾਣਕਾਰੀ ਨਾਲ ਸੰਬੰਧਿਤ ਪੇਸ਼ਕਾਰੀਆਂ ਮੁਹੱਈਆ ਕਰਵਾਏਗਾ। Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦਾ ਟੀਚਾ ਭਾਈਚਾਰਕ ਭਾਈਵਾਲਾਂ ਅਤੇ LAAC ਅਤੇ VAAC ਨਾਲ ਤਾਲਮੇਲ ਬਣਾਉਣਾ ਹੈ ਤਾਂ ਜੋ ਸਾਡੇ ਵੋਟਰਾਂ ਨੂੰ ਜਾਗਰੂਕ ਕਰਨ ਦੇ ਮੌਕਿਆਂ ਦੀ ਪਛਾਣ ਕੀਤੀ ਜਾ ਸਕੇ, ਵੋਟਿੰਗ ਸਮੱਗਰੀ ਦੇ ਪ੍ਰਦਰਸ਼ਨ ਦੀ ਪੇਸ਼ਕਸ਼ ਕੀਤੀ ਜਾ ਸਕੇ, ਅਤੇ ਇਸ ਬਾਰੇ ਵਿਆਖਿਆ ਕੀਤੀ ਜਾ ਸਕੇ ਕਿ ਅਲਪ-ਸੰਖਿਅਕ ਭਾਸ਼ਾ ਦੀ ਬੈਲਟ ਕਿਵੇਂ ਪ੍ਰਾਪਤ ਕਰਨੀ ਹੈ। ਅਨੁਸੂਚਿਤ ਚੋਣਾਂ ਤੋਂ ਪਹਿਲਾਂ ਵਧੇਰੇ ਸਿੱਖਿਅਕ ਵਰਕਸ਼ਾਪਾਂ ਨੂੰ ਆਯੋਜਿਤ ਕੀਤਾ ਜਾਵੇਗਾ, ਜਿਸ ਨਾਲ ਵੋਟਰਾਂ ਨੂੰ ਚੋਣਾਂ ਅਤੇ ਵੋਟਿੰਗ ਬਾਰੇ ਪਹਿਲਾਂ ਤੋਂ ਹੀ ਜਾਣਕਾਰੀ ਪ੍ਰਾਪਤ ਹੋ ਸਕੇਗੀ। Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਕਾਉਂਟੀ ਦੇ ਸਾਰੇ ਖੇਤਰਾਂ ਵਿੱਚ ਪਹੁੰਚਣ ਲਈ ਹਰ ਕੋਸ਼ਿਸ਼ ਕਰੇਗਾ। ਵੋਟਰਾਂ ਕੋਲ ਵੋਟਰ ਕੇਂਦਰ ਦੇ ਮਾਡਲ ਅਤੇ ਉਹਨਾਂ ਦੇ ਭਾਸ਼ਾ ਵੋਟਿੰਗ ਵਿਕਲਪਾਂ ਬਾਰੇ ਸਿੱਖਣ ਦੇ ਬਹੁਤ ਸਾਰੇ ਮੌਕੇ ਹੋਣਗੇ, ਪਰ ਇਹ ਹੇਠ ਲਿਖਿਆ ਤੱਕ ਹੀ ਸੀਮਿਤ ਨਹੀਂ ਹਨ:

1) ਵਿਭਾਗ ਦਾ VAAC ਅਤੇ LAAC
    a. ਮੀਟਿੰਗਾਂ ਵਿੱਚ ਵੋਟਿੰਗ ਪ੍ਰਣਾਲੀ ਸੰਬੰਧੀ ਪ੍ਰਦਰਸ਼ਨ ਅਤੇ ਜਾਣਕਾਰੀ ਸੰਬੰਧੀ ਅੱਪਡੇਟ ਸ਼ਾਮਲ ਹਨ
    b. VAAC ਅਤੇ LAAC ਨਾਲ ਆਪਣੇ ਭਾਈਚਾਰਿਆਂ ਵਿੱਚ ਵੰਡਣ ਲਈ ਵਿੱਦਿਅਕ ਸਮੱਗਰੀ ਨੂੰ ਵਿਕਸਿਤ ਕਰਨਾ

2) ਵੱਖ-ਵੱਖ ਦਰਸ਼ਕਾਂ ਲਈ ਪੇਸ਼ਕਾਰੀਆਂ:
    a. ਕਾਉਂਟੀ ਦਾ ਸੁਪਰਵਾਈਜ਼ਰਾਂ ਦਾ ਬੋਰਡ
    b. ਚੁਣੇ ਗਏ ਅਧਿਕਾਰੀਆਂ ਦੇ ਟਾਊਨ ਹਾਲ
    c. ਕਾਉਂਟੀ ਸੈਂਟਰਲ ਕਮੇਟੀਆਂ ਅਤੇ ਰਾਜਨੀਤਿਕ ਕਮੇਟੀਆਂ
    d. ਸਿਟੀ ਕਲਰਕ
    e. ਭਾਸ਼ਾ ਸੰਬੰਧੀ ਭਾਈਚਾਰੇ
    f. ਸੇਵਾ ਸੰਸਥਾਵਾਂ (ਜਿਵੇਂ ਕਿ Rotary, Kiwanis)

## ਜਨਤਕ ਸਲਾਹ-ਮਸ਼ਵਰੇ ਸੰਬੰਧੀ ਮੀਟਿੰਗਾਂ

§4005(a)(10)(I)(i)(VI)(ia)

Stanislaus ਕਾਉਂਟੀ ਰਜਿਸਟਰਾਰ ਆਫ਼ ਵੋਟਰਜ਼ ਦਫਤਰ ਪ੍ਰਸਤਾਵਿਤ EAP ਲਈ Stanislaus ਕਾਉਂਟੀ ਦੀ ਸੰਘੀ ਅਤੇ ਰਾਜ ਦੀਆਂ ਲੋੜੀਂਦੀਆਂ ਭਾਸ਼ਾਵਾਂ ਵਿੱਚੋਂ ਹਰੇਕ ਨਾਲ ਦੋਭਾਸ਼ੀ ਜਨਤਕ ਸਲਾਹ-ਮਸ਼ਵਰੇ ਸੰਬੰਧੀ ਮੀਟਿੰਗਾਂ ਆਯੋਜਿਤ ਕਰੇਗਾ। ਇਸ ਯੋਜਨਾ ਨੂੰ ਤਿਆਰ ਕਰਦੇ ਸਮੇਂ Stanislaus ਦੀਆਂ ਅੰਗਰੇਜ਼ੀ ਤੋਂ ਇਲਾਵਾ ਲੋੜੀਂਦੀਆਂ ਭਾਸ਼ਾਵਾਂ, ਸਪੈਨਿਸ਼, ਪੰਜਾਬੀ, ਖਮੇਰ ਅਤੇ ਅੱਸ਼ੂਰੀਆਂ ਹਨ।

Stanislaus ਕਾਉਂਟੀ ਰਜਿਸਟ੍ਰਾਰ ਆਫ਼ ਵੋਟਰ ਦਫ਼ਤਰ ਕਾਉਂਟੀ ਦੇ ਭਾਸ਼ਾ ਵਾਲੇ ਭਾਈਚਾਰਿਆਂ ਨੂੰ ਵੋਟਰ ਕੇਂਦਰ ਦੀ ਵੋਟਿੰਗ ਪ੍ਰਕਿਰਿਆ ਤੋਂ ਇਲਾਵਾ, ਉਹਨਾਂ ਦੀ ਭਾਸ਼ਾ ਵਿੱਚ ਉਪਲਬਧ ਸਮੱਗਰੀਆਂ ਅਤੇ ਸਹਾਇਤਾ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਮੁਹੱਈਆ ਕਰਨਗੀਆਂ। ਸਾਰੀਆਂ ਵਰਕਸ਼ਾਪਾਂ ਵਿੱਚ ਹਾਜ਼ਰੀਨ ਦੀ ਸਹਾਇਤਾ ਲਈ ਭਾਸ਼ਾ ਸੰਬੰਧੀ ਦੁਭਾਸ਼ੀਏ ਮੌਜੂਦ ਹੋਣਗੇ। ਵਰਕਸ਼ਾਪ ਦੇ ਸਮਾਗਮਾਂ ਬਾਰੇ ਜਾਣਕਾਰੀ ਦਾ ਐਲਾਨ ਮੀਟਿੰਗ ਦੀ ਤਾਰੀਖ਼ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਕੀਤਾ ਜਾਵੇਗਾ ਅਤੇ "ਜਨਤਕ ਨੋਟਿਸ" ਦੇ ਤਹਿਤ www.stanvote.com 'ਤੇ ਪੋਸਟ ਕੀਤਾ ਜਾਵੇਗਾ। ਇਹ ਮੀਟਿੰਗਾਂ ਅੰਤਿਕਾ ਏ ਵਿੱਚ ਵੀ ਸੂਚੀਬੱਧ ਹਨ।

## ਮੀਡੀਆ ਅਤੇ ਜਨਤਕ ਸੇਵਾ ਐਲਾਨ

§4005(a)(10)(I)(i)(I), §4005(a)(10)(I)(i)(IX)

Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਵੱਲੋਂ Stanislaus ਕਾਉਂਟੀ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਅੱਸ਼ੂਰੀਆਂ, ਖਮੇਰ ਅਤੇ ਪੰਜਾਬੀ ਭਾਸ਼ਾਵਾਂ ਵਿੱਚ ਅਧਿਕਾਰਤ ਬੈਲਟ ਦੀ ਅਨੁਵਾਦਿਤ ਕਾਪੀ ਦੀ ਉਪਲਬਧਤਾ ਦਾ ਪ੍ਰਚਾਰ ਕਰਨ ਅਤੇ ਇਸਦੀ ਪ੍ਰਾਪਤੀ ਲਈ ਬੇਨਤੀ ਕਰਨ ਦਾ ਤਰੀਕਾ ਸਿਖਾਉਣ ਲਈ ਦੋਭਾਸ਼ੀ ਫਾਰਮੈਟਾਂ ਲਈ ਕਈ ਕਿਸਮ ਦੇ ਮੀਡੀਆ ਸਾਧਨਾਂ ਦੀ ਵਰਤੋਂ ਕੀਤੀ ਜਾਵੇਗੀ। ਪਹੁੰਚਯੋਗਤਾ ਵਿਕਲਪ ਵੀ ਇਸ ਫਾਰਮੈਟ ਵਿੱਚ ਮੁਹੱਈਆ ਕੀਤੇ ਜਾਣਗੇ। ਇਸ ਵਿੱਚ ਅੱਗੇ ਦਿੱਤੇ ਮੀਡੀਆ ਵਿਕਲਪ ਸ਼ਾਮਲ ਹਨ, ਪਰ ਇਹ ਇਹਨਾਂ ਤੱਕ ਹੀ ਸੀਮਤ ਨਹੀਂ ਹਨ:

i) ਅਖਬਾਰ: (Latino Times)
ii) ਟੈਲੀਵਿਜ਼ਨ: (Assyrian TV)
ii) ਰੇਡੀਓ: (KBDG-FM 90.9 Assyrian Radio)
iii) ਸੋਸ਼ਲ ਮੀਡੀਆ; ਵਿਭਾਗ ਦੀ ਵੈੱਬਸਾਈਟ, Stanislaus ਕਾਉਂਟੀ Facebook
iv) ਕਾਉਂਟੀ ਵਿਭਾਗ
v) ਜਨਤਕ ਸੇਵਾ ਐਲਾਨ

ਉਪਰੋਕਤ ਦੱਸੇ ਗਏ ਮੀਡੀਆ ਦੇ ਜਰੀਏ ਸੰਭਾਵੀ ਵੋਟਰਾਂ ਨੂੰ ਜਾਗਰੂਕ ਕਰਨ ਲਈ ਜ਼ਰੂਰੀ ਯਤਨ ਲਾਗੂ ਕੀਤੇ ਜਾਣਗੇ। Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਰਣਨੀਤਕ ਤਰੀਕੇ ਨਾਲ ਲੋਕਾਂ ਤੱਕ ਪਹੁੰਚ ਕਰਨਾ ਜਾਰੀ ਰੱਖੇਗਾ ਅਤੇ ਚੋਣ ਦੀਆਂ ਮੁੱਖ ਤਾਰੀਖ਼ਾਂ ਦੇ ਨੇੜੇ ਇਸ ਸੰਬੰਧੀ ਸੂਚਨਾਵਾਂ ਜਾਰੀ ਕਰੇਗਾ। ਜਿਸ ਸਮੇਂ ਇਹ ਯੋਜਨਾ ਪ੍ਰਕਾਸ਼ਿਤ ਕੀਤੀ ਗਈ ਸੀ, ਸਾਡੇ ਵਿਭਾਗ ਨੂੰ ਰੇਡੀਓ ਰਾਹੀਂ ਜਨਤਕ ਸੇਵਾ ਘੋਸ਼ਣਾਵਾਂ ਪ੍ਰਦਾਨ ਕਰਨ ਲਈ ਅਸੀਰੀਅਨ, ਪੰਜਾਬੀ ਅਤੇ ਸਪੈਨਿਸ਼ ਬੋਲਣ ਵਾਲੇ ਸਮੁਦਾਇ ਦੀ ਨੁਮਾਇੰਦਗੀ ਕਰਨ ਵਾਲੇ LAAC ਮੈਂਬਰਾਂ ਤੋਂ ਸਹਾਇਤਾ ਪ੍ਰਾਪਤ ਕੀਤੀ ਜਾ ਰਹੀ ਹੈ।

## ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ

§4005(a)(10)(I)(vii)

Stanislaus ਕਾਉਂਟੀ ਰਜਿਸਟਰਾਰ ਆਫ਼ ਵੋਟਰ ਦਫ਼ਤਰ ਟੋਲ-ਫ੍ਰੀ ਵੋਟਰ ਸਹਾਇਤਾ ਹਾਟਲਾਈਨ ਰਾਹੀਂ ਜ਼ਰੂਰਤ ਅਨੁਸਾਰ ਭਾਸ਼ਾ ਸਹਾਇਤਾ ਪ੍ਰਦਾਨ ਕਰੇਗਾ। ਇਹ ਹੌਟਲਾਈਨ ਚੋਣਾਂ ਤੋਂ 29 ਦਿਨ ਪਹਿਲਾਂ ਸ਼ੁਰੂ ਹੋ ਕੇ ਚੋਣਾਂ ਤੋਂ ਅਗਲੇ ਦਿਨ ਸ਼ਾਮ 5:00 ਵਜੇ ਤੱਕ ਚਾਲੂ ਰਹੇਗੀ। ਇਸ ਹੌਟਲਾਈਨ ਦੇ ਲਈ ਨੰਬਰ Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੀ ਵੈੱਬਸਾਈਟ 'ਤੇ ਅਤੇ ਵੋਟਰਾਂ ਨੂੰ ਭੇਜੀ ਜਾਣ ਵਾਲੀ ਮਤਦਾਨ ਸਮੱਗਰੀ ਵਿੱਚ ਲਿਖਿਆ ਹੋਵੇਗਾ।

## ਸਪੈਨਿਸ਼ ਵਿੱਚ ਵਿੱਦਿਅਕ ਸਮੱਗਰੀ

Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਉਹਨਾਂ ਸੰਗਠਨਾਂ ਰਾਹੀਂ ਵੋਟਰਾਂ ਵਿੱਚ ਸਪੈਨਿਸ਼ ਵਿੱਚ ਵਿੱਦਿਅਕ ਸਮੱਗਰੀ ਦੀ ਵੰਡ ਕਰੇਗਾ ਜੋ ਸਾਡੀਆਂ ਪਹੁੰਚ ਸੰਬੰਧੀ ਕੋਸ਼ਿਸ਼ਾਂ ਵਿੱਚ ਸਾਡੀ ਮਦਦ ਕਰਨ ਦਾ ਵਿਕਲਪ ਚੁਣਦੇ ਹਨ। ਇਹ ਸੰਪਰਕ ਵੋਟਰਾਂ ਨਾਲ ਹੋਰ ਲੋੜੀਂਦੇ ਸੰਪਰਕਾਂ ਤੋਂ ਇਲਾਵਾ ਹੋਣਗੇ, ਜਿਨ੍ਹਾਂ ਵਿੱਚ ਨਮੂਨਾ ਬੈਲਟ ਅਤੇ ਡਾਕ ਬੈਲਟ ਦੀ ਡਿਲੀਵਰੀ ਸ਼ਾਮਲ ਹੈ, ਪਰ ਇਹ ਇਸ ਤੱਕ ਹੀ ਸੀਮਤ ਨਹੀਂ ਹੈ।

## ਵੋਟ ਕੇਂਦਰਾਂ 'ਤੇ ਭਾਸ਼ਾ ਸਹਾਇਤਾ ਉਪਲਬਧ ਹੈ

EC 14282 ਵੋਟਰਾਂ ਨੂੰ ਬੈਲਟ ਮਾਰਕ ਕਰਨ ਵਿੱਚ ਦੋ ਲੋਕਾਂ ਤੱਕ ਸਹਾਇਤਾ ਕਰਨ ਦੀ ਇਜਾਜ਼ਤ ਦਿੰਦਾ ਹੈ। ਭਾਸ਼ਾ ਸਹਾਇਤਾ ਦੀ ਜ਼ਰੂਰਤ ਵਾਲੇ ਵੋਟਰ, ਵੋਟ ਕੇਂਦਰ 'ਤੇ ਉਨ੍ਹਾਂ ਦੀ ਸਹਾਇਤਾ ਲਈ ਪਰਿਵਾਰ ਦੇ ਕਿਸੇ ਮੈਂਬਰ ਜਾਂ ਦੋਸਤ ਨੂੰ ਲਿਆ ਸਕਦੇ ਹਨ। ਇਸਤੋਂ ਇਲਾਵਾ, ਵਿਭਾਗ ਵੋਟ ਕੇਂਦਰਾਂ 'ਤੇ ਸੇਵਾ ਕਰਨ ਲਈ ਚੋਣ ਕਲਰਕਾਂ ਅਤੇ ਵਲੰਟੀਅਰਾਂ ਨੂੰ ਨਿਯੁਕਤ ਕਰਨ ਅਤੇ ਸਿਖਲਾਈ ਦੇਣ ਲਈ ਨੇਕ-ਵਿਸ਼ਵਾਸੀ ਯਤਨ ਕਰਦਾ ਹੈ ਜੋ ਸਪੈਨਿਸ਼, ਐਸਰੀਅਨ, ਖਮੇਰ ਅਤੇ ਪੰਜਾਬੀ ਭਾਸ਼ਾਵਾਂ ਬੋਲਦੇ ਹਨ। ਚੋਣ ਕਲਰਕਾਂ ਅਤੇ ਵਲੰਟੀਅਰਾਂ ਨੂੰ ਇੱਕ ਵੋਟ ਕੇਂਦਰ ਵਿੱਚ ਸੇਵਾ ਕਰਨ ਤੋਂ ਪਹਿਲਾਂ ਸਿਖਲਾਈ ਵਿੱਚ ਸ਼ਾਮਲ ਹੋਣ ਦੀ ਜ਼ਰੂਰਤ ਹੁੰਦੀ ਹੈ। ਸਿਖਲਾਈ ਵਿੱਚ ਇਹ ਸ਼ਾਮਲ ਹੈ ਕਿ ਭਾਸ਼ਾ ਸਹਾਇਤਾ ਜ਼ਰੂਰਤਾਂ ਵਿੱਚ ਵੋਟਰਾਂ ਦੀ ਕਿਵੇਂ ਮਦਦ ਕਰਨੀ ਹੈ।

ਇੱਕ ਦੋਭਾਸ਼ੀ ਵਰਕਰ ਉਪਲਬਧ ਨਾ ਹੋਣ ਦੀ ਸਥਿਤੀ ਵਿੱਚ ਹਰੇਕ ਵੋਟ ਕੇਂਦਰ 'ਤੇ ਇੱਕ ਫ਼ੋਨ ਦੁਭਾਸ਼ੀਏ ਸੇਵਾ ਵੀ ਉਪਲਬਧ ਹੁੰਦੀ ਹੈ। ਇਹ ਸੇਵਾ California ਸੈਕਟਰੀ ਆਫ਼ ਸਟੇਟ ਦੁਆਰਾ ਪੇਸ਼ ਕੀਤੀ ਜਾਂਦੀ ਹੈ।

ਜਿਨ੍ਹਾਂ ਵੋਟਰਾਂ ਨੂੰ ਅਸੀਰੀਅਨ, ਖਮੇਰ ਅਤੇ ਪੰਜਾਬੀ ਵਿੱਚ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ, ਉਹ ਅਧਿਕਾਰਤ ਬੈਲਟ ਦੀ ਇੱਕ ਅਨੁਵਾਦਿਤ ਕਾਪੀ ਲਈ ਵੀ ਬੇਨਤੀ ਕਰ ਸਕਦੇ ਹਨ ਜਿਸਨੂੰ "ਫੈਕਸੀਮਾਈਲ ਬੈਲਟ" ਕਿਹਾ ਜਾਂਦਾ ਹੈ। ਇੱਕ ਅਨੁਵਾਦਿਤ ਚਿੰਨ੍ਹ ਵੋਟਰਾਂ ਨੂੰ ਪ੍ਰਤੀਰੂਪ ਬੈਲਟ ਦੀ ਉਪਲਬਧਤਾ ਬਾਰੇ ਸੂਚਿਤ ਕਰਨ ਲਈ ਪੋਸਟ ਕੀਤਾ ਜਾਂਦਾ ਹੈ ਅਤੇ ਫੇਕਸਿਮਾਈਲ ਬੈਲਟ ਦੀਆਂ ਕਾਪੀਆਂ ਵੀ ਪੋਸਟ ਕੀਤੀਆਂ ਜਾਂਦੀਆਂ ਹਨ। ਐਸਰੀਅਨ, ਖਮੇਰ ਅਤੇ ਪੰਜਾਬੀ ਵਿੱਚ ਪੇਸ਼ ਕੀਤੀ ਗਈ ਹੋਰ ਵੋਟਿੰਗ ਸਮੱਗਰੀ ਵਿੱਚ California ਸੈਕਟਰੀ ਆਫ਼ ਸਟੇਟ ਦੁਆਰਾ ਤਿਆਰ ਕੀਤੀ ਗਈ ਸਟੇਟ ਵੋਟਰ ਜਾਣਕਾਰੀ ਗਾਈਡ ਸ਼ਾਮਲ ਹੈ।

## ਅਲਪ-ਸੰਖਿਅਕ ਭਾਸ਼ਾ ਵਿੱਚ ਪ੍ਰਤਿਲਿਪੀ ਬੈਲਟ ਲਈ ਬੇਨਤੀ ਕਰਨਾ

§4005(a)(10)(I)(i)(V)

ਪ੍ਰਤਿਲਿਪੀ ਬੈਲਟ ਲਈ ਬੇਨਤੀ ਕਰਨ ਦੇ ਤਿੰਨ ਤਰੀਕੇ ਹਨ:

1) ਪ੍ਰਤਿਲਿਪੀ ਬੈਲਟ ਲਈ ਬੇਨਤੀ ਕਰਨ ਵਾਸਤੇ ਪੋਸਟਕਾਰਡ ਨੂੰ 1021 “I” St., Modesto, CA 95354 'ਤੇ ਡਾਕ ਰਾਹੀਂ, stanvote@stancounty.com 'ਤੇ ਈਮੇਲ ਕਰਕੇ ਜਾਂ ਇਸ ਨੂੰ 209-525-5802 'ਤੇ ਫੈਕਸ ਕਰਕੇ ਭੇਜੋ
2) Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਨੂੰ ਕੱਾਲ ਕਰੋ ਅਤੇ ਪ੍ਰਤਿਲਿਪੀ ਬੈਲਟ ਲਈ ਬੇਨਤੀ ਕਰੋ (209-525-5201)
3) Stanislaus ਕਾਉਂਟੀ ਦੇ ਕਿਸੇ ਵੀ ਵੋਟ ਕੇਂਦਰ 'ਤੇ ਪ੍ਰਤਿਲਿਪੀ ਬੈਲਟ ਲਈ ਬੇਨਤੀ ਕਰੋ ਜਾਂ ਮੁੱਖ ਦਫ਼ਤਰ ਵਿੱਚ 1021 “I” St., Modesto 'ਤੇ ਜਾਓ

DRAFT

## ਅਲਪ-ਸੰਖਿਅਕ ਭਾਸ਼ਾ ਵਾਲੇ ਵੋਟਰਾਂ ਦੀ ਪਛਾਣ ਕਰਨਾ

§4005(a)(10)(I)(i)(V)

Stanislaus ਕਾਉਂਟੀ ਦਾ ਵੋਟਰ ਰਜਿਸਟਰਾਰ ਵੋਟਰ ਰਜਿਸਟ੍ਰੇਸ਼ਨ ਫ਼ਾਰਮਾਂ 'ਤੇ ਦਰਸਾਈ ਗਈ ਭਾਸ਼ਾ ਤਰਜੀਹ ਦੇ ਆਧਾਰ 'ਤੇ ਅਲਪ-ਸੰਖਿਅਕ ਭਾਸ਼ਾ ਵਾਲੇ ਵੋਟਰਾਂ ਦੀ ਪਛਾਣ ਕਰਦਾ ਹੈ। ਅਲਪ-ਸੰਖਿਅਕ ਭਾਸ਼ਾ ਵਾਲੇ ਵੋਟਰਾਂ ਆਪਣੀ ਭਾਸ਼ਾ ਤਰਜੀਹ ਨੂੰ ਦਰਸਾਉਣ ਲਈ Stanislaus ਕਾਉਂਟੀ ਦੇ ਵੋਟਰ ਰਜਿਸਟਰਾਰ ਦੇ ਦਫ਼ਤਰ ਨੂੰ ਈਮੇਲ ਜਾਂ ਕਾੱਲ ਵੀ ਕਰ ਸਕਦੇ ਹਨ। ਅਸੀਂ ਇਸ ਡੇਟਾ ਨੂੰ ਆਪਣੀ ਚੋਣ ਪ੍ਰਬੰਧਨ ਪ੍ਰਣਾਲੀ ਵਿੱਚ ਇਕੱਤਰ ਅਤੇ ਸਟੋਰ ਕਰਦੇ ਹਾਂ। ਇਸਤੋਂ ਇਲਾਵਾ, ਅਸੀਂ ਸੰਯੁਕਤ ਰਾਜ ਅਮਰੀਕਾ ਦੇ ਜਨਗਣਨਾ ਬਿਊਰੋ ਦੇ ਅਮਰੀਕਨ ਸਮੁਦਾਇਕ ਸਰਵੇਖਣ ਦੇ ਆਧਾਰ 'ਤੇ ਰਾਜ ਦੇ ਸਕੱਤਰ ਤੋਂ ਭਾਸ਼ਾ ਸਹਾਇਤਾ ਜ਼ਰੂਰਤ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ।

DRAFT

# ਅੰਤਿਕਾਵਾਂ

DRAFT

# ਅੰਤਕਾ A

ਵੋਟਰ ਸਿੱਖਿਆ ਅਤੇ ਪਹੁੰਚ ਪ੍ਰੋਗਰਾਮ

| ਤਾਰੀਖ | ਸੰਗਠਨ | ਟਿਕਾਣਾ |
|---|---|---|
| 1/4/2021 | **Stanislaus ਕਾਉਂਟੀ ਦੀ ਕੇਂਦਰੀ ਕਮੇਟੀ ਰਿਪਬਲਿਕਨ ਪਾਰਟੀ** | 118 W. Orangeburg Ave. Modesto, CA |
| 2/8/2021 | **Assyrian TV ਅਤੇ KBDG-RM 90.9 MHz** | Zoom |
| 2/9/2021 | **Modesto Republican Women** | 945 McHenry Ave. Modesto, CA |
| 2/11/2021 | **Oakdale Board of Realtors** | House of Beef – 201 N. 3rd. Ave. Oakdale, CA |
| 2/25/2021 | **ਸੁਤੰਤਰ ਜੀਵਨ ਲਈ ਅਪਾਹਜਤਾ ਸੰਬੰਧੀ ਸਰੋਤ ਏਜੰਸੀ** | ਫ਼ੋਨ ਇੰਟਰਵਿਊ |
| 3/24/2021 | **ਸੈਂਟਰਲ ਵੈਲੀ ਰੀਅਲਟਰ ਐਸੋਸੀਏਸ਼ਨ** | Zoom |
| 4/16/2021 | **ਬੋਰਡ ਆਫ਼ ਸੁਪਰਵਾਈਜ਼ਰ VCA ਪੇਸ਼ਕਾਰੀ** | 1021 I Street |
| 4/19/2021 | **ਬੋਰਡ ਆਫ਼ ਸੁਪਰਵਾਈਜ਼ਰ VCA ਪੇਸ਼ਕਾਰੀ** | 1021 I Street |
| 4/20/2021 | **ਬੋਰਡ ਆਫ਼ ਸੁਪਰਵਾਈਜ਼ਰ VCA ਪੇਸ਼ਕਾਰੀ** | 1021 I Street |
| 4/22/2021 | **ਟਾਈਟਲ ਕੰਪਨੀ ਮੀਟਿੰਗ** | Zoom |
| 4/26/2021 | **ਸੁਪਰਵਾਈਜ਼ਰਾਂ ਦੇ ਬੋਰਡ VCA ਪੇਸ਼ਕਾਰੀ** | 1021 I Street |
| 5/3/2021 | **Stanislaus ਕਾਉਂਟੀ ਦੀ ਕੇਂਦਰੀ ਕਮੇਟੀ ਰਿਪਬਲਿਕਨ ਪਾਰਟੀ** | 118 W. Orangeburg Ave. Modesto, CA |
| 5/12/2021 | **ਸਿਟੀ ਕਲਰਕ** | Zoom |
| 5/17/2021 | **2nd Harvest/United Way** | Zoom |
| 5/26/2021 | **ਡੈਮੋਕ੍ਰੇਟਿਕ ਕੇਂਦਰੀ ਕਮੇਟੀ** | Zoom |
| 6/8/2021 | **Kiwanis of Modesto VCA ਪੇਸ਼ਕਾਰੀ** | Papapolloni Mediterranean Bistro- 2501 McHenry Ave. Modesto, CA |
| 6/9/2021 | **Oakdale Rotary, CA VCA ਪੇਸ਼ਕਾਰੀ** | Oakdale Golf & Country Club 243 N. Stearns Rd. Oakdale, CA |
| 6/10/2021 | **Kiwanis – North Modesto** | Grafitti Museum 9th & Coldwell Modesto/ Zoom Hybrid |
| 6/16/2021 | **United Way** | Zoom |
| 6/21/2021 | **VAAC EAP ਜਾਣ-ਪਛਾਣ ਸੰਬੰਧੀ ਮੀਟਿੰਗ** | Zoom |
| 6/22/2021 | **LAAC EAP ਜਾਣ-ਪਛਾਣ ਸੰਬੰਧੀ ਮੀਟਿੰਗ** | Zoom |
| 7/8/2021 | **Sunrise Rotary** | Green's - 953 10th Street, Modesto |
| 7/14/2021 | **ਸਿਟੀ ਔਫ਼ Oakdale** | House of Beef - 201 N. 3rd Ave. Oakdale, CA |
| 7/22/2021 | **Newman Rotary** | Pizza Plus - 1420 Main Street Newman, CA |
| 7/31/2021 | **EAP ਜਨਤਕ ਸਲਾਹ-ਮਸ਼ਵਰੇ ਸੰਬੰਧੀ ਮੀਟਿੰਗ** | El Concilio - 1314 H Street Modesto, CA Hybrid Zoom |
| 8/4/2021 | **ਟਾਈਟਲ ਕੰਪਨੀ ਮੀਟਿੰਗ** | Veterans Center3500 Coffee Rd. Modesto, CA |
| 8/6/2021 | **Salida Rotary** | 2832 Healthcare Way Modesto, CA |
| 8/12/2021 | **ਸੇਰੇਸ ਕੋਰੀਅਰ** | ਫ਼ੋਨ ਇੰਟਰਵਿਊ |
| 8/14/2021 | **EAP ਜਨਤਕ ਸਲਾਹ-ਮਸ਼ਵਰੇ ਸੰਬੰਧੀ ਮੀਟਿੰਗ** | Harvest Hall - 3800 Cornucopia Way Modesto, CA |



DRAFT


| | | |
|---|---|---|
| 8/17/2021 | **ਐਸਰੀਅਨ EAP ਸਲਾਹ-ਮਸ਼ਵਰਾ** | Assyrian American Civic Club –<br>2618 N. Golden State Blvd. Turlock, CA |
| 8/19/2021 | **ਟਰਲੌਕ ਜਰਨਲ** | ਫ਼ੋਨ ਇੰਟਰਵਿਊ |
| 8/20/2021 | **Patriots** | Ridgeways<br>2401 E. Orangeburg Ave. Modesto, CA |
| 8/20/21 | **KCRA – ਚੈਨਲ 3** | ਈਮੇਲ ਅਤੇ ਫ਼ੋਨ |
| 8/27/2021 | **Turlock Kiwanis** | Crostini Restaurant<br>811 W. Hawkeye Turlock, CA |
| 9/1/2021 | **EAP ਜਨਤਕ ਸਲਾਹ-ਮਸ਼ਵਰੇ ਸੰਬੰਧੀ ਮੀਟਿੰਗ** | King Kennedy Center<br>601 Martin Luther King Dr., Modesto, CA |
| 9/1/2021 | **Turlock Sunrise Rotary Club** | Toscana's Ristorante<br>1801 Colorado Ave. #190<br>Turlock, CA |
| 9/11/2021 | **Federation of the Blind** | Zoom |
| 9/23/2021 | **Oakdale Lions Club** | Oakdale Pavilion<br>151 S. Sierra Ave. Oakdale, CA |
| 10/6/2021 | **EAP ਜਨਤਕ ਸਲਾਹ-ਮਸ਼ਵਰੇ ਸੰਬੰਧੀ ਮੀਟਿੰਗ** | Ceres American Legion Hall<br>2609 Lawrence St. Ceres, CA 95307 |
| 01/6/2022 | **ਸਿਟੀ ਔਫ਼ Riverbank<br>ਵੋਟਰ ਸਿੱਖਿਆ ਵਰਕਸ਼ਾਪ** | St. Frances of Rome Church<br>2827 Topeka St, Riverbank CA |
| 01/11/2022 | **Turlock ਸ਼ਹਿਰ<br>ਵੋਟਰ ਸਿੱਖਿਆ ਵਰਕਸ਼ਾਪ** | Turlock Library, Community Room<br>550 N. Minaret Ave., Turlock CA |
| 01/12/2022 | **ਸਿਟੀ ਔਫ਼ Waterford<br>ਵੋਟਰ ਸਿੱਖਿਆ ਵਰਕਸ਼ਾਪ** | Waterford Community Center<br>540 C Street, Waterford CA |
| 01/18/2022 | **ਸਿਟੀ ਔਫ਼ Newman<br>ਵੋਟਰ ਸਿੱਖਿਆ ਵਰਕਸ਼ਾਪ** | L.J. Newman Memorial Building<br>649 Orestimba Rd., Newman CA |
| 01/19/2022 | **ਸਿਟੀ ਆਫ਼ ਮੋਡੇਸਟੋ<br>ਵੋਟਰ ਸਿੱਖਿਆ ਵਰਕਸ਼ਾਪ** | Stanislaus Veterans Center, Banquet Hall<br>3500 Coffee Rd., Modesto CA |
| 01/25/2022 | **ਸਿਟੀ ਆਫ਼ Ceres<br>ਵੋਟਰ ਸਿੱਖਿਆ ਵਰਕਸ਼ਾਪ** | Ceres American Legion Hall<br>2609 Lawrence St., Ceres CA |
| 01/31/2022 | **ਸਿਟੀ ਔਫ਼ Oakdale<br>ਵੋਟਰ ਸਿੱਖਿਆ ਵਰਕਸ਼ਾਪ** | Gene Bianchi Community Center<br>110 S 2nd Ave., Oakdale CA |
| 02/01/2022 | **ਸਿਟੀ ਔਫ਼ Hughson<br>ਵੋਟਰ ਸਿੱਖਿਆ ਵਰਕਸ਼ਾਪ** | Hughson Community Senior Center<br>2307 4th Street, Hughson CA |
| 02/08/2022 | **ਸਿਟੀ ਆਫ਼ Patterson<br>ਵੋਟਰ ਸਿੱਖਿਆ ਵਰਕਸ਼ਾਪ** | City of Patterson City Hall, Board Chambers<br>1 Plaza, Patterson, CA |

ਇਵੈਂਟਾਂ ਦੀ ਅੱਪਡੇਟ ਕੀਤੀ ਸੂਚੀ ਲਈ stanvote.com 'ਤੇ ਜਾਓ।

DRAFT


# ਅੰਤਕਾ B

2021 California ਗਬਰਨੇਟੋਰੀਅਲ ਰੀਕਾਲ ਚੋਣ ਲਈ ਵਰਤੇ ਗਏ ਵੋਟ ਕੇਂਦਰ ਦਾ ਨਕਸ਼ਾ




# ਅੰਤਕਾ C

ਵੋਟਰ ਕੇਂਦਰ ਦੇ ਖਾਕੇ ਦਾ ਨਮੂਨਾ ਡਿਜ਼ਾਇਨ



# ਅੰਤਕਾ D

2021 California ਗਬਰਨੇਟੋਰੀਅਲ ਰੀਕਾਲ ਚੋਣ ਲਈ ਵਰਤੇ ਗਏ ਡ੍ਰੌਪ-ਬੌਕਸ ਟਿਕਾਣਿਆਂ ਦਾ ਨਕਸ਼ਾ



# ਅੰਤਕਾ E

## ਅਨੁਮਾਨਿਤ ਲਾਗਤ ਅਤੇ ਤੁਲਨਾ

| ਵਰਗ | ਅਸਲ ਲਾਗਤ w/ਪੋਲ 2018 ਪ੍ਰਾਇਮਰੀ ਚੋਣ | ਅਨੁਮਾਨਿਤ ਲਾਗਤਾਂ / ਵੋਟ ਕੇਂਦਰ 2022 ਪ੍ਰਾਇਮਰੀ ਚੋਣ |
|---|---|---|
| ਲੇਬਰ | | |
| ਚੋਣ ਸਟਾਫ਼ – ਫੁੱਲ ਟਾਈਮ ਅਤੇ ਪਾਰਟ ਟਾਈਮ | $275,459.27 | $496,608.41 |
| ਵਲੰਟੀਅਰ | $64,871.55 | $65,000.00 |
| ਸਿਖਲਾਈ ਸਪਲਾਈ ਅਤੇ ਉਪਕਰਨ | ਲਾਗੂ ਨਹੀਂ | $1,875.00 |
| ਪ੍ਰਿੰਟਿੰਗ | | |
| ਚੋਣ ਅਤੇ ਬੈਲਟ ਸੈੱਟ-ਅੱਪ | $17,962.13 | $6,500.00 |
| ਮੇਲ ਬੈਲਟਾਂ ਦੁਆਰਾ ਵੋਟ | $171,699.16, | $745,033.00 |
| ਪ੍ਰੀਸਿਨਕਟ ਬੈਲਟ/ਵੋਟ ਕੇਂਦਰ ਬੈਲਟ | $48,025.80 | $7,272.00 |
| ਵੋਟਰ ਜਾਣਕਾਰੀ ਗਾਈਡ | $155,356.34 | $559,208.00 |
| ਲਿਫ਼ਾਫ਼ੇ | $9,816.63 | $52,513.55 |
| ਫੁਟਕਲ. ਚੋਣ ਜਾਂ ਵੋਟਰ ਸਮੱਗਰੀ (ਸੰਕੇਤ, ਪ੍ਰਕਾਸ਼ਨ ਫਾਰਮ, ਆਦਿ) | $6,945.80 | $9,248.00 |
| ਪੋਲਿੰਗ ਸਥਾਨ/ਵੋਟ ਕੇਂਦਰ | | |
| ਸੁਵਿਧਾ ਕਿਰਾਇਆ ਅਤੇ ਹਿਰਾਸਤੀ ਫੀਸ | $2,180.00 | $21,500.00 |
| ਢੁਲਾਈ | $20,020.00 | $18,000.00 |
| ਸਪਲਾਈਆਂ | $7,374.14 | $12,500.00 |
| ਵਾਹਨ ਸੰਬੰਧੀ ਕਿਰਾਇਆ | $2,383.64 | $8,000.00 |
| ਕਨੈਕਟੀਵਿਟੀ ਅਤੇ ਉਪਕਰਨ ਲਾਇਸੈਂਸਿੰਗ, ਆਦਿ। | ਲਾਗੂ ਨਹੀਂ | $23,500.00 |
| ਮੇਲ ਭੇਜਣ ਦਾ ਪਤਾ / ਪੋਸਟੇਜ | $183,849.23 | $435,045.00 |
| ਸਕਿਉਰਿਟੀ | $1,339.25 | $1,400.00 |
| ਰਿਮੋਟ ਐਕਸੇਸ ਵੋਟ ਬਾਈ ਮੇਲ | ਲਾਗੂ ਨਹੀਂ | $12,450.00 |
| ਅਨੁਵਾਦ ਸੇਵਾਵਾਂ | $9,552.43 | $10,000.00 |
| ਪਹੁੰਚ | ਲਾਗੂ ਨਹੀਂ | $100,000 |
| ਕੁੱਲ ਲਾਗਤ | $976,835.37 | $2,587, 440.96 |

| ਚੋਣ ਦੀ ਕਿਸਮ | 2018 ਪ੍ਰਾਇਮਰੀ ਚੋਣ **ਵੋਟਿੰਗ ਟਿਕਾਣਿਆਂ ਦਾ # ਜ਼ਰੂਰਤ** | 2022 ਪ੍ਰਾਇਮਰੀ ਚੋਣ (ਅਨੁਮਾਨਿਤ ਵਾਧਾ ਸ਼ਾਮਲ ਕਰੋ) **ਵੋਟਿੰਗ ਟਿਕਾਣਿਆਂ ਦਾ #** | 2018 ਪ੍ਰਾਇਮਰੀ ਚੋਣ **ਵਲੰਟੀਅਰਾਂ ਦਾ #** | 2022 ਪ੍ਰਾਇਮਰੀ ਚੋਣ **ਵਲੰਟੀਅਰਾਂ ਅਤੇ ਸਟਾਫ਼ ਦਾ #** |
|---|---|---|---|---|
| ਪੋਲਿੰਗ ਪਲੇਸ ਮਾਡਲ | **145**<br>ਨੋਟ:. ਕੁਝ ਪੋਲ ਡਬਲ ਜਾਂ ਟ੍ਰਿਪਲ ਪੋਲ ਦੇ ਤੌਰ 'ਤੇ ਕੰਮ ਕਰਦੇ ਹਨ, ਕਈ ਖੇਤਰਾਂ ਦੀ ਸੇਵਾ ਕਰਦੇ ਹਨ। | **150** | 594 | 600 |
| ਵੋਟ ਕੇਂਦਰ ਮਾਡਲ | **23** | **28** | **140** | **300** |

DRAFT